# ਨਿਊਜ਼ ਰਿਲੀਜ਼

ਤੁਰੰਤ ਜਾਰੀ ਕਰਨ ਲਈ

2020FIN0008-000290 ਵਿੱਤ ਮੰਤਰਾਲਾ

18 ਫਰਵਰੀ, 2020

**ਬਜਟ 2020 ਹਰ ਇੱਕ ਲਈ ਮਜ਼ਬੂਤ ਬੀ ਸੀ ਦਾ ਨਿਰਮਾਣ ਕਰ ਰਿਹਾ ਹੈ**

ਵਿਕਟੋਰੀਆ-ਬਜਟ 2020 ਸੂਬੇ ਦੀਆ ਵੱਧ ਰਹੀਆਂ ਜ਼ਰੂਰਤਾਂ ਅਨੁਸਾਰ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਕੇ, ਹਜ਼ਾਰਾਂ ਨਵੀਆਂ ਨੌਕਰੀਆਂ ਨੂੰ ਸਹਿਯੋਗ ਦੇ ਕੇ, ਸਿਹਤ ਅਤੇ ਸਿੱਖਿਆ ਵਿੱਚ ਨਿਵੇਸ਼ ਨੂੰ ਮਜ਼ਬੂਤ ਕਰਕੇ ਅਤੇ ਹਰ ਕਿਸੇ ਲਈ ਜ਼ਿੰਦਗੀ ਨੂੰ ਵਧੇਰੇ ਕਿਫਾਇਤੀ ਬਣਾ ਕੇ ਬ੍ਰਿਟਿਸ਼ ਕੋਲੰਬੀਆ ਨੂੰ ਅੱਗੇ ਵਧਾ ਰਿਹਾ ਹੈ।

ਨਵੀਆਂ ਸੜਕਾਂ, ਹਸਪਤਾਲਾਂ, ਘਰਾਂ, ਸਕੂਲਾਂ ਅਤੇ ਬਾਲ-ਸੰਭਾਲ ਥਾਵਾਂ ਨੂੰ ਹਰ ਭਾਈਚਾਰੇ ਵਿੱਚ ਬਿਹਤਰ ਅਤੇ ਵਧੇਰੇ ਕਿਫਾਇਤੀ ਬਣਾ ਕੇ ਅਸੀਂ ਉਹਨਾਂ ਬੁਨਿਆਦੀ ਤਬਦੀਲੀਆਂ ਨੂੰ ਦੇਖ ਰਹੇ ਹਾਂ, ਜੋ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੀ ਜ਼ਿੰਦਗੀ ਬਿਹਤਰ ਬਣਾ ਰਹੇ ਹਨ'', ਵਿੱਤ ਮੰਤਰੀ ਕੈਰਲ ਜੇਮਜ਼ ਨੇ ਕਿਹਾ। ''ਇੱਕਠੇ ਅਸੀਂ ਬਹੁਤ ਤਰੱਕੀ ਕੀਤੀ ਹੈ ਅਤੇ ਅਸੀਂ ਵਾਪਸ ਨਹੀਂ ਮੁੜ ਸਕਦੇ। ਬਜਟ 2020 ਲੋਕਾਂ 'ਤੇ ਧਿਆਨ ਕੇਂਦਰਿਤ ਕਰਕੇ ਸੂਬੇ ਨੂੰ ਅੱਗੇ ਵਧਾ ਰਿਹਾ ਹੈ''।

## ਮਜ਼ਬੂਤ ਬੀ ਸੀ ਦਾ ਨਿਰਮਾਣ

ਬਜਟ 2020 ਅਗਲੇ ਤਿੰਨ ਸਾਲਾਂ ਵਿੱਚ ਪੂੰਜੀਗਤ ਖਰਚਿਆਂ ਨੂੰ $22.9 ਬਿਲੀਅਨ ਡਾਲਰ ਤੱਕ ਪਹੁੰਚਾਉਣ ਲਈ ਨਵੇਂ ਵਾਅਦੇ ਕਰਦਾ ਹੈ- ਬੀ ਸੀ ਦੇ ਇਤਿਹਾਸ ਵਿੱਚ ਸਭ ਤੋਂ ਉੱਚ ਪੱਧਰ। ਬੀ ਸੀ ਭਰ ਵਿੱਚ ਨਵੇਂ ਅਤੇ ਅਪਗਰੇਡ ਕੀਤੇ ਹਸਪਤਾਲਾਂ ਅਤੇ ਸਿਹਤ ਅਦਾਰਿਆਂ, ਹਾਈਵੇਅ ਅਤੇ ਟਰਾਂਜ਼ਿਟ ਪ੍ਰੋਜੈਕਟਾਂ, ਸਕੂਲਾਂ ਅਤੇ ਨਵੇਂ ਘਰਾਂ 'ਤੇ ਕੰਮ ਚਲ ਰਿਹਾ ਹੈ, ਜੋ ਉਸਾਰੀ ਦੌਰਾਨ 100,000 ਸਿੱਧੀਆਂ ਅਤੇ ਅਸਿੱਧੀਆਂ ਨੌਕਰੀਆਂ ਨੂੰ ਉਤਸ਼ਾਹਿਤ ਕਰ ਰਿਹਾ ਹੈ।

''ਬ੍ਰਿਟਿਸ਼ ਕੋਲੰਬੀਆ ਵਾਸੀ ਆਪਣੇ ਪਰਿਵਾਰ ਦੇ ਬਿਹਤਰ ਭਵਿੱਖ ਲਈ ਸਖਤ ਮਿਹਨਤ ਕਰ ਰਹੇ ਹਨ ਅਤੇ ਅਸੀਂ ਵੀ। ਸੂਬੇ ਦੀਆ ਵੱਧ ਰਹੀਆਂ ਜ਼ਰੂਰਤਾਂ ਅਨੁਸਾਰ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਕੇ ਅਸੀਂ ਲੋਕਾਂ ਦੀ ਜ਼ਿੰਦਗੀ ਆਸਾਨ ਬਣਾ ਰਹੇ ਹਾਂ ਅਤੇ ਸਥਾਨਕ ਭਾਈਚਾਰਿਆਂ ਵਿੱਚ ਚੰਗੀਆਂ ਨੌਕਰੀਆਂ ਅਤੇ ਮੌਕਿਆਂ ਦਾ ਨਿਰਮਾਣ ਕਰ ਰਹੇ ਹਾਂ'', ਜੇਮਜ਼ ਨੇ ਕਿਹਾ।

ਮਜ਼ਬੂਤ ਬੀ ਸੀ ਦਾ ਮਤਲਬ ਇਹ ਯਕੀਨੀ ਬਣਾਉਣਾ ਹੈ ਕਿ ਸਭ ਲਈ ਮੌਕੇ ਹੋਣ। ਬਜਟ 2020 25 ਸਾਲਾ ਮਾਲੀਆ ਸਾਂਝ ਸਮਝੌਤੇ ਦੀ ਪੁਸ਼ਟੀ ਕਰਕੇ ਮੂਲਵਾਸੀ ਲੋਕਾਂ ਨਾਲ ਮੇਲ ਮਿਲਾਪ ਲਈ ਇੱਕ ਕਦਮ ਹੋਰ ਨੇੜੇ ਵਧਾਉਂਦਾ ਹੈ, ਜਿਸ ਨਾਲ ਸਾਰੇ ਫਸਟ ਨੇਸ਼ਨਜ਼ ਨਾਲ $3 ਬਿਲੀਅਨ ਦਾ ਗੇਮਿੰਗ ਰੈਵੇਨਿਊ ਸਾਂਝਾ ਹੋਵੇਗਾ।

## ਚਿਰਸਥਾਈ ਆਰਥਿਕਤਾ ਲਈ ਨਵੇਂ ਮੌਕੇ

ਅਗਲੇ ਦਹਾਕੇ ਤੱਕ ਬ੍ਰਿਟਿਸ਼ ਕੋਲੰਬੀਆ ਵਿੱਚ 860,000 ਤੋਂ ਵਧੇਰੇ ਨੌਕਰੀਆਂ ਖੁੱਲਣਗੀਆਂ। 75% ਤੋਂ ਵਧੇਰੇ ਨੌਕਰੀਆਂ ਨੂੰ ਕਿਸੇ ਤਰ੍ਹਾਂ ਦੀ ਪੋਸਟ ਸੈਕਡੰਰੀ ਸਿੱਖਿਆ ਜਾਂ ਟਰੇਨਿੰਗ ਦੀ ਜ਼ਰੂਰਤ ਹੋਵੇਗੀ।

ਬਜਟ 2020 ਵਿਦਿਆਰਥੀਆਂ ਲਈ ਇੱਕ ਨਵੀਂ ਜ਼ਰੂਰਤ ਆਧਾਰਿਤ ਬੀ ਸੀ ਐਕਸਸ ਗਰਾਂਟ ਦਾ ਨਿਰਮਾਣ ਕਰਦਾ ਹੈ, ਜਿਸ ਨਾਲ ਇਹ ਯਕੀਨੀ ਬਣੇ ਕਿ ਸਾਰੇ ਬ੍ਰਿਟਿਸ਼ ਕੋਲੰਬੀਆ ਦੇ ਵਾਸੀ ਇਹਨਾਂ ਮੌਕਿਆਂ ਤੱਕ ਪਹੁੰਚ ਕਰ ਸਕਣ ਅਤੇ ਬੀ ਸੀ ਦੇ ਹੁਨਰਮੰਦ ਕਾਮਿਆਂ ਦੀ ਗਿਣਤੀ ਵੀ ਵੱਧ ਸਕੇ। ਇਹ ਗਰਾਂਟ 40,000 ਘੱਟ ਅਤੇ ਮੱਧ ਵਰਗੀ ਆਮਦਨ ਵਾਲੇ ਵਿਦਿਆਰਥੀਆਂ ਨੂੰ ਟਿਊਸ਼ਨ ਖਰਚਿਆਂ ’ਤੇ $4000 ਤੱਕ ਸ਼ੁਰੂਆਤੀ ਮਦਦ ਪ੍ਰਦਾਨ ਕਰੇਗਾ।

“ਬੀ ਸੀ ਦਾ ਭਵਿੱਖ ਵਧੀਆ ਅਤੇ ਮੌਕਿਆਂ ਨਾਲ ਭਰਪੂਰ ਹੈ। ਨਵੀਂ ਬੀ ਸੀ ਐਕਸਸ ਗਰਾਂਟ ਨਾਲ ਅਸੀਂ ਹਜ਼ਾਰਾਂ ਹੋਰ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਕਾਲਜ ਅਤੇ ਯੂਨੀਵਰਸਿਟੀ ਸਿੱਖਿਆ ਤੱਕ ਪਹੁੰਚ ਦਿਆਂਗੇ”, ਜੇਮਜ਼ ਨੇ ਕਿਹਾ। “ਇਹ ਗਰਾਂਟ ਵਿਦਿਆਰਥੀਆਂ ਲਈ ਫਾਇਦੇਮੰਦ ਹੋਵੇਗੀ ਅਤੇ ਉਹ ਬੀ ਸੀ ਦੇ ਵਪਾਰਾਂ ਨੂੰ ਉਹਨਾਂ ਦੀ ਜ਼ਰੂਰਤ ਅਨੁਸਾਰ ਹੁਨਰਮੰਦ ਕਾਮੇ ਲੱਭਣ ਵਿੱਚ ਮਦਦ ਕਰਨਗੇ”।

ਸੂਬਾ, ਨੌਕਰੀ ਤੱਕ ਪਹੁੰਚ, ਹੁਨਰ ਸਿਖਲਾਈ, ਉਪਕਰਣ ਲੋਨ, ਮੁਸ਼ਕਲਾਂ ਨਾਲ ਪ੍ਰਭਾਵਿਤ ਭਾਈਚਾਰਿਆਂ ਲਈ ਗਰਾਂਟ ਅਤੇ ਅਰਲੀ ਰਿਟਾਇਰਮੈਂਟ ਪ੍ਰੋਗਰਾਮ ਨੂੰ ਸਹਿਯੋਗ ਦੇਣ ਦੇ ਜ਼ਰੀਏ ਸੰਘਰਸ਼ ਕਰ ਰਹੇ ਜੰਗਲਾਤ ਕਾਮਿਆਂ ਨੂੰ ਸਹਿਯੋਗ ਦੇਣਾ ਜਾਰੀ ਰੱਖਦਾ ਹੈ। ਬਜਟ 2020 ਨਵੇਂ ਜੰਗਲਾਤ ਪੁਨਰ ਸੁਰਜੀਤ ਕਰਨ ਦੇ ਉਪਰਾਲਿਆਂ ਲਈ $13 ਮਿਲੀਅਨ ਸ਼ਾਮਲ ਕਰਦਾ ਹੈ। ਇਸ ਵਿੱਚ ਲੱਕੜ ਨੂੰ ਬਾਇਓਫਿਊਲਜ਼, ਬਾਇਓਪਲਾਸਟਿਕ ਅਤੇ ਟੈਕਸਟਾਈਲ ਵਰਗੇ ਮੁੱਲ ਵਧਾਉਣ ਵਾਲੇ ਉਤਪਾਦਾਂ ਵਿੱਚ ਤਬਦੀਲ ਕਰਕੇ ਬੀ ਸੀ ਦੀ ਜੈਵਿਕ ਆਰਥਿਕਤਾ ਨੂੰ ਨਵੀਨਤਾ ਨਾਲ ਮੁੜ ਸੁਰਜੀਤ ਕਰਨਾ ਸ਼ਾਮਲ ਹੈ।

ਇੱਕ ਸਾਫ ਵਾਤਾਵਰਣ ਖੁਸ਼ਹਾਲ ਅਤੇ ਚਿਰਸਥਾਈ ਆਰਥਿਕਤਾ ਦੀ ਨੀਂਹ ਹੈ। ਬਜਟ 2020, ਬਜਟ 2019 ਵਿੱਚ ਕੀਤੇ ਲਗਭਗ $900 ਮਿਲੀਅਨ ਨਿਵੇਸ਼ ਦੇ ਨਾਲ ਕਲੀਨ ਬੀ ਸੀ ਲਈ ਅਗਲੇ 3 ਸਾਲਾਂ ਵਿੱਚ $419 ਮਿਲੀਅਨ ਦੀ ਵਾਧੂ ਰਕਮ ਨਾਲ ਸਾਫ ਭਵਿੱਖ ਲਈ ਤਬਦੀਲੀ ਨੂੰ ਤੇਜ਼ ਕਰਦਾ ਹੈ। ਇਸ ਨਿਵੇਸ਼ ਵਿੱਚ ਇਲੈਕਟ੍ਰਿਕ ਗੱਡੀਆਂ (ਈ ਵੀ) ਖਰੀਦਣਾ ਅਤੇ ਈ ਵੀ ਚਾਰਜਿੰਗ ਸਟੇਸ਼ਨਾਂ ਦਾ ਨਿਰਮਾਣ ਸ਼ਾਮਲ ਹੈ। ਇਸਦੇ ਨਾਲ ਹੀ ਇਸ ਸਾਲ ਦਾ ਬਜਟ ਉਦਯੋਗਾਂ ਨੂੰ ਕਲੀਨ ਲੋਅ ਕਾਰਬਨ ਹੱਲ ਵੱਲ ਵਧਣ ਨੂੰ ਸਹਿਯੋਗ ਦੇਣ ਅਤੇ ਬੀ ਸੀ ਸਕੂਲਾਂ, ਯੂਨੀਵਰਸਿਟੀਆਂ, ਕਾਲਜਾਂ ਅਤੇ ਹਸਪਤਾਲਾਂ ਨੂੰ ਵਧੇਰੇ ਊਰਜਾ ਨਿਪੁੰਨ ਵਧਾਉਣ ਲਈ ਸਹਿਯੋਗ ਨੂੰ ਵਧਾਉਂਦਾ ਹੈ।

## ਜ਼ਿੰਦਗੀ ਨੂੰ ਵਧੇਰੇ ਕਿਫਾਇਤੀ ਬਣਾਉਣਾ ਅਤੇ ਸੇਵਾਵਾਂ ਵਿੱਚ ਸੁਧਾਰ

ਬੀ ਸੀ ਕੈਨੇਡਾ ਦੀ ਤੇਜ਼ੀ ਨਾਲ ਵੱਧ ਰਹੀ ਆਰਥਿਕਤਾ ਵਿੱਚੋਂ ਇੱਕ ਹੈ। ਪਰ ਆਰਥਿਕਤਾ ਦੇ ਵਧਣ ਦੇ ਨਾਲ ਕਈ ਪਰਿਵਾਰਾਂ ਲਈ ਜ਼ਿੰਦਗੀ ਵਧੇਰੇ ਖਰਚੀਲੀ ਹੋ ਰਹੀ ਹੈ।

ਅਕਤੂਬਰ 2020 ਵਿੱਚ ਸ਼ੁਰੂ ਹੋ ਰਿਹਾ ਨਵਾਂ ਬੀ ਸੀ ਚਾਈਲਡ ਔਪਰਚੂਨਟੀ ਬੈਨੀਫਿੱਟ 290,000 ਪਰਿਵਾਰਾਂ ਦੇ ਬੱਚਿਆਂ ਨੂੰ ਸਹਿਯੋਗ ਦੇਣ ਲਈ ਵਧੇਰੇ ਰਾਸ਼ੀ ਪ੍ਰਦਾਨ ਕਰੇਗਾ। ਬੀ ਸੀ ਅਫੋਰਡੇਬਲ ਚਾਈਲਡ ਕੇਅਰ ਬੈਨੀਫਿੱਟ (ਕਿਫਾਇਤੀ ਬਾਲ ਸੰਭਾਲ ਫਾਇਦਾ) ਅਤੇ ਲਾਇੰਸੈਸਸ਼ੁਦਾ ਬਾਲ ਸੰਭਾਲ ਥਾਵਾਂ ਲਈ ਫੀ ਰਿਡਕਸ਼ਨ ਇਨੀਸ਼ੀਏਟਿਵ ਨਾਲ ਸਾਂਝੇ ਤੌਰ ਤੇ ਇੱਕ ਬੱਚੇ ਵਾਲਾ ਪਰਿਵਾਰ $20,000 ਤੱਕ ਬਚਾ ਸਕਦਾ ਹੈ। ਦੋ ਬੱਚੇ ਵਾਲੇ ਪਰਿਵਾਰ $28,000 ਤੱਕ ਪ੍ਰਤੀ ਸਾਲ ਬਚਾ ਸਕਦੇ ਹਨ।

ਇਹਨਾਂ ਬੱਚਤਾਂ ਦੇ ਨਾਲ-ਨਾਲ ਆਈ ਸੀ ਬੀ ਸੀ ਵਿੱਚ ਵੀ ਕੁਝ ਤਬਦੀਲੀ ਹੋਈਆਂ ਹਨ, ਜਿਸ ਨਾਲ ਸਾਰੇ ਡਰਾਈਵਰਾਂ ਦੀ ਫੀਸ ਔਸਤਨ 20% ਜਾਂ $400 ਪ੍ਰਤੀ ਸਾਲ ਤੱਕ ਘੱਟ ਜਾਵੇਗੀ ਜਦਕਿ ਦੇਖਭਾਲ ਫਾਇਦੇ ਵਿੱਚ ਸੁਧਾਰ ਹੋਵੇਗਾ। ਇਹ ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਪ੍ਰੀਮੀਅਮ ਦੇ ਖਾਤਮੇ ਦਾ ਸਾਲ ਵੀ ਹੈ, ਜੋ ਪੀੜ੍ਹੀਆਂ ਲਈ ਸਭ ਤੋਂ ਵੱਡੀ ਮੱਧ ਵਰਗੀ ਟੈਕਸ ਕਟੌਤੀ ਹੈ।

ਬਜਟ 2020 ਸਿਹਤ, ਸਿੱਖਿਆ ਅਤੇ ਭਾਈਚਾਰਕ ਸੇਵਾਵਾਂ ਨੂੰ ਵੀ ਮਜ਼ਬੂਤ ਕਰਦਾ ਹੈ ਜਿਸ 'ਤੇ ਬ੍ਰਿਟਿਸ਼ ਕੋਲੰਬੀਆ ਵਾਸੀ ਨਿਰਭਰ ਹਨ। ਬਜਟ ਬੀ ਸੀ  ਕੇ-12 ਸਿੱਖਿਆ ਨੂੰ ਮਜ਼ਬੂਤ ਕਰਨ, ਸਕੂਲਾਂ ਨੂੰ ਅਪਗਰੇਡ ਕਰਨ ਲਈ ਹਾਲ ਹੀ ਵਿੱਚ ਕੀਤੇ ਗਏ ਨਿਵੇਸ਼ ਅਤੇ 4200 ਨਵੇਂ ਅਧਿਆਪਕਾਂ ਨੂੰ ਭਰਤੀ ਕਰਨ ਲਈ ਵਾਧੂ $339 ਮਿਲੀਅਨ ਪ੍ਰਦਾਨ ਕਰਦਾ ਹੈ।

ਬਜਟ 2020 ਵਿੱਚ ਵਾਧੂ $1 ਬਿਲੀਅਨ ਨਾਲ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੀ ਸਿਹਤ ਵਿੱਚ ਸੁਧਾਰ ਹੋਵੇਗਾ। 13 ਭਾਈਚਾਰਿਆਂ ਲਈ ਨਵੇਂ ਅਤੇ ਅਪਗਰੇਡ ਹਸਪਤਾਲ ਰਾਹ ਅਧੀਨ ਹਨ ਅਤੇ 12 ਨਵੇਂ ਅਰਜੈਂਟ ਅਤੇ ਪ੍ਰਾਇਮਰੀ ਕੇਅਰ ਸੈਂਟਰ ਖੁੱਲ ਗਏ ਹਨ। 2 ਹੋਰ ਆ ਰਹੇ ਹਨ।

## ਇੱਕ ਸੰਤੁਲਿਤ ਯੋਜਨਾ

ਬਜਟ 2020 ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੀਆਂ ਪ੍ਰਾਥਮਿਕਤਾਵਾਂ 'ਤੇ ਕੇਂਦਰਿਤ ਇੱਕ ਸੰਤੁਲਿਤ ਯੋਜਨਾ ਹੈ।

ਬਜਟ 2020 ਬ੍ਰਿਟਿਸ਼ ਕੋਲੰਬੀਆ ਵਿੱਚ ਉੱਚ 1% ਆਮਦਨ ਵਾਲਿਆਂ ਲਈ ਨਵੀਂ ਟੈਕਸ ਬਰੈਕਟ ਦਾ ਨਿਰਮਾਣ ਕਰਦਾ ਹੈ। ਖਜ਼ਾਨੇ ਦੀ ਲਗਭਗ ਅੱਧੀ ਆਮਦਨ ਉਹਨਾਂ ਲੋਕਾਂ ਤੋਂ ਆਵੇਗੀ, ਜੋ ਸਾਲਾਨਾ $1 ਮਿਲੀਅਨ ਕਮਾਉਂਦੇ ਹਨ।

“ਅੱਜ ਅਸੀਂ ਵਿਅਕਤੀਗਤ ਤੋਰ ’ਤੇ ਉੱਚ ਆਮਦਨ ਕਮਾਉਣ ਵਾਲੇ 1% ਲੋਕਾਂ ਨੂੰ ਥੋੜ੍ਹਾ ਜ਼ਿਆਦਾ ਅਦਾ ਕਰਨ ਅਤੇ ਬੀ ਸੀ ਦੀ ਮਦਦ ਕਰਨ ਲਈ ਕਹਿ ਰਹੇ ਹਾਂ ਤਾਂ ਕਿ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਬਿਹਤਰ ਸੇਵਾਵਾਂ ਅਤੇ ਮਜ਼ਬੂਤ ਬੁਨਿਆਦੀ ਢਾਂਚਾ ਮਿਲ ਸਕੇ”, ਜੇਮਜ਼ ਨੇ ਕਿਹਾ।

ਵੱਧ ਰਹੇ ਸਿਹਤ ਖਰਚਿਆਂ ਅਤੇ ਮਿੱਠੇ ਪੀਣ ਵਾਲੇ ਪਦਾਰਥਾਂ ਦੇ ਪ੍ਰਭਾਵਾਂ ਦੇ ਹੱਲ ਲਈ ਮਦਦ ਕਰਨ ਲਈ ਬੀ ਸੀ ਮਿੱਠੇ ਕਾਰਬੋਨੇਟਡ ਪੀਣ ਵਾਲੇ ਪਦਾਰਥਾਂ ’ਤੇ ਪ੍ਰੋਵਿੰਨਸ਼ੀਅਲ ਸੇਲਜ਼ ਟੈਕਸ (ਪੀ ਐੱਸ ਟੀ) ਲੈਣਾ ਸ਼ੁਰੂ ਕਰੇਗਾ। ਇਹ ਇੱਕ ਅਜਿਹਾ ਕਦਮ ਹੈ ਜਿਸਦੀ ਸਿਹਤ ਪੇਸ਼ੇਵਰਾਂ ਅਤੇ ਇੱਕ ਸਰਬ ਪਾਰਟੀ ਕਮੇਟੀ ਦੁਆਰਾ ਵਕਾਲਤ ਕੀਤੀ ਗਈ ਕਿਉਂਕਿ 14-18 ਸਾਲ ਦੀ ਉਮਰ ਦੇ ਨੌਜਵਾਨ ਪੋਪ ਦੀ ਵਰਤੋਂ ਸਭ ਤੋਂ ਵੱਧ ਕਰਦੇ ਹਨ।

ਬੀ ਸੀ ਗਰੀਨ ਪਾਰਟੀ ਕੌਕਸ ਨਾਲ ਕਾਨਫੀਡੈਂਸ ਅਤੇ ਸਪਲਾਈ ਐਗਰੀਮੈਂਟ ਬ੍ਰਿਟਿਸ਼ ਕੋਲੰਬੀਆ ਲਈ ਮਜ਼ਬੂਤ ਸਥਾਈ ਸਰਕਾਰ ਲਈ ਆਧਾਰ ਪ੍ਰਦਾਨ ਕਰਨਾ ਜਾਰੀ ਰੱਖੇਗਾ। ਇੱਕਠੇ ਕੰਮ ਕਰਕੇ ਜਲਵਾਯੂ ਤਬਦੀਲੀ, ਘਰਾਂ ਦੇ ਸੰਕਟ ਨਾਲ ਨਜਿੱਠਣ ਅਤੇ ਮਜ਼ਬੂਤ ਵਿੰਭਿਨ ਆਰਥਿਕਤਾ ਵਰਗੀਆਂ ਸਾਂਝੀਆਂ ਪ੍ਰਾਥਮਿਕਤਾਵਾਂ ਨਾਲ ਤਰੱਕੀ ਜਾਰੀ ਰੱਖੀ ਜਾ ਸਕਦੀ ਹੈ।

## ਫੌਰੀ ਤੱਥ:

- ਬਜਟ 2020-21 ਵਿੱਚ $227 ਮਿਲੀਅਨ, 2021-22 ਵਿੱਚ $179 ਮਿਲੀਅਨ ਅਤੇ 2022-23 ਵਿੱਚ $374 ਮਿਲੀਅਨ ਡਾਲਰ ਦੇ ਵਾਧੇ ਨਾਲ ਵਿੱਤੀ ਯੋਜਨਾ ਦੇ ਸਾਰੇ ਤਿੰਨ ਸਾਲਾਂ ਵਿੱਚ ਸੰਤੁਲਿਤ ਹੈ।
- ਪਿਛਲੇ ਸਾਲ ਬੀ ਸੀ ਦੀ ਅਰਥਵਿਵਸਥਾ ਸੂਬਾਈ ਅਸਲ ਕੁੱਲ ਘਰੇਲੂ ਉਤਪਾਦ ਪ੍ਰੋਡਕਟ (ਜੀ ਡੀ ਪੀ) ਵਾਧਾ ਦਰ (real gross domestic product (GDP) growth rankings ) ਦੇ ਸਿਖਰ ’ਤੇ ਸੀ ਅਤੇ ਇਸ ਨਾਲ ਦੇਸ਼ ਦੀ ਬੇਰੁਜ਼ਗਾਰੀ ਦਰ ਸਭ ਤੋਂ ਘੱਟ ਰਹੀ ਅਤੇ ਕੈਨੇਡਾ ਭਰ ਵਿੱਚ ਰੁਜ਼ਗਾਰ ਵਾਧਾ ਹੋਇਆ।
- ਬ੍ਰਿਟਿਸ਼ ਕੋਲੰਬੀਆ ਦੇ 2020 ਅਤੇ 2021 ਵਿੱਚ ਸੂਬਾਈ ਅਸਲ ਜੀ ਡੀ ਪੀ ਵਾਧਾ ਦਰ (real GDP growth rankings) ਵਿੱਚ ਚੋਟੀ ’ਤੇ ਹੋਣ ਦਾ ਅਨੁਮਾਨ ਹੈ।
- 2001-2019 ਦੇ ਦਰਮਿਆਨ ਬੀ ਸੀ ਦੀ ਜਨਸੰਖਿਆ ਵਿੱਚ 1 ਮਿਲੀਅਨ ਲੋਕਾਂ ਦਾ ਵਾਧਾ ਹੋਇਆ, ਜਿਸ ਵਿੱਚ ਜ਼ਿਆਦਾਤਾਰ ਵਾਧਾ ਲੋਅਰ ਮੇਨਲੈਂਡ ਵਿੱਚ ਸੀ। 2024 ਤੱਕ ਬੀ ਸੀ ਦੀ ਜਨਸੰਖਿਆ ਲਗਭਗ 346,000 ਲੋਕਾਂ ਤੱਕ ਵਧਣ ਦਾ ਅਨੁਮਾਨ ਹੈ ਅਤੇ ਅਗਲੇ 15 ਸਾਲਾਂ ਵਿੱਚ ਇੱਕ ਮਿਲੀਅਨ ਤੋਂ ਵੱਧ ਲੋਕਾਂ ਦੇ ਵਧਣ ਦੀ ਉਮੀਦ ਹੈ।

ਸੰਪਰਕ:

ਵਿੱਤ ਮੰਤਰਾਲਾ

ਮੀਡੀਆ ਰਿਲੇਸ਼ਨਜ਼

778 974-3341

---

ਬੀ ਸੀ ਸੂਬੇ ਨਾਲ ਜੁੜਨ ਲਈ ਜਾਓ: news.gov.bc.ca/connect

# ਬੈਕਗਰਾਊਂਡਰ 1

ਤੁਰੰਤ ਜਾਰੀ ਕਰਨ ਲਈ

2020FIN0008-000290 ਵਿੱਤ ਮੰਤਰਾਲਾ

18 ਫਰਵਰੀ, 2020

**ਵਿੱਤੀ ਯੋਜਨਾ 2020-21 ਤੋਂ 2022-23**

## ਜ਼ਿੰਦਗੀ ਬਿਹਤਰ ਬਣਾ ਰਹੇ ਹਾਂ

ਬ੍ਰਿਟਿਸ਼ ਕੋਲੰਬੀਆ ਕੈਨੇਡਾ ਵਿੱਚ ਆਰਥਿਕ ਆਗੂ ਹੈ। ਪ੍ਰਾਈਵੇਟ ਸੈਕਟਰ ਵਿੱਚ ਭਵਿੱਖਬਾਣੀ ਕਰਨ ਵਾਲੇ ਬੀ ਸੀ ਨੂੰ ਸਾਲ 2020 ਅਤੇ 2021 ਵਿੱਚ ਸੂਬਾਈ ਅਸਲ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਦੇ ਸਿਖਰ 'ਤੇ ਰਹਿਣ ਦੀ ਉਮੀਦ ਕਰਦੇ ਹਨ। ਪਿਛਲੇ ਸਾਲ ਬ੍ਰਿਟਿਸ਼ ਕੋਲੰਬੀਆ ਨੇ ਘੱਟ ਬੇਰੁਜ਼ਗਾਰੀ ਦਰ ਨਾਲ ਦੇਸ਼ ਦੀ ਅਗਵਾਈ ਕੀਤੀ ਸੀ ਅਤੇ ਦੇਸ਼ ਭਰ ਵਿੱਚ ਰੁਜ਼ਗਾਰ ਵਾਧੇ ਵਿੱਚ ਮੋਹਰੀ ਰਿਹਾ ਸੀ।

ਬਜਟ 2020 ਇੱਕ ਸੰਤੁਲਿਤ ਯੋਜਨਾ ਹੈ ਜੋ ਸਰਕਾਰ ਨੂੰ ਅਜਿਹੇ ਨਿਵੇਸ਼ ਜਾਰੀ ਰੱਖਣ ਦੀ ਆਗਿਆ ਦਿੰਦੀ ਹੈ ਜੋ ਅਫੌਰਡੇਬਿਲੀਟੀ ਅਤੇ ਉਹਨਾਂ ਸੇਵਾਵਾਂ ਵਿੱਚ ਸੁਧਾਰ ਕਰਦੇ ਹਨ, ਜਿਸ 'ਤੇ ਲੋਕ ਭਰੋਸਾ ਕਰਦੇ ਹਨ ਅਤੇ ਸੂਬੇ ਭਰ ਵਿੱਚ ਨੌਕਰੀਆਂ ਦੇ ਨਿਰਮਾਣ ਵਿੱਚ ਸਹਿਯੋਗ ਦਿੰਦੀ ਹੈ।

## ਲਚਕੀਲੀ ਆਰਥਿਕਤਾ, ਸਥਾਈ ਆਰਥਿਕ ਵਾਧਾ

ਬਜਟ 2020 ਦੀ ਭਵਿੱਖਬਾਣੀ ਨੇ ਵਿਸ਼ਵੀ ਆਰਥਿਕਤਾ ਦੀ ਅਨਿਸ਼ਚਤਤਾ ਨੂੰ ਮਾਨਤਾ ਦਿੰਦੇ ਹੋਏ ਬੀ ਸੀ ਦੀ ਇੱਕ ਆਰਥਿਕ ਆਗੂ ਵਜੋਂ ਪੁਸ਼ਟੀ ਕੀਤੀ।

ਬੀ ਸੀ ਦੇ ਅਸਲ ਜੀ ਡੀ ਪੀ ਵਾਧੇ ਦਾ ਪੂਰਵ ਅਨੁਮਾਨ 2020 ਵਿੱਚ 1.9% ਤੋਂ ਵੱਧ ਕੇ 2.0% ਹੋ ਗਿਆ ਹੈ ਜਦਕਿ ਪਹਿਲੀ ਤਿਮਾਹੀ ਰਿਪੋਰਟ 2019 ਦੀ ਤੁਲਨਾ ਵਿੱਚ 2021 ਪੂਰਵ ਅਨੁਮਾਨ ਨੂੰ 2.0% ਤੋਂ 1.9% ਤੱਕ ਥੋੜ੍ਹਾ ਸੰਸ਼ੋਧਿਤ ਕੀਤਾ ਗਿਆ ਹੈ। 2022 ਤੋਂ 2024 ਦੇ ਅਰਸੇ ਲਈ ਆਰਥਿਕ ਵਿਕਾਸ ਦਰ 2.0% ਹੈ ਜੋ ਪਿਛਲੀਆ ਉਮੀਦਾਂ ਦੇ ਅਨੁਸਾਰ ਹੈ।

ਆਰਥਿਕ ਦ੍ਰਿਸ਼ਟੀਕੋਣ ਦੇ ਮੁੱਖ ਨੁਕਸਾਨ ਦੇ ਜੋਖਮਾਂ ਵਿੱਚ ਵਿਸ਼ਵਵਿਆਪੀ ਵਪਾਰ ਨੀਤੀਆਂ, ਭੂ-ਰਾਜਨੀਤਕ ਤਣਾਅ, ਕਮਜ਼ੋਰ ਵਿਸ਼ਵੀ ਆਰਥਿਕ ਗਤੀਵਿਧੀਆਂ ਦੇ ਨਾਲ-ਨਾਲ ਜਿਣਸਾਂ ਦੀਆਂ ਕੀਮਤਾਂ ਘੱਟ ਹੋਣ ਅਤੇ ਹੌਲੀ ਘਰੇਲੂ ਆਰਥਿਕ ਵਿਕਾਸ ਸ਼ਾਮਲ ਹਨ। ਸੂਬੇ ਵਿੱਚ ਤਰਲ ਕੁਰਦਤੀ ਗੈਸ (ਐੱਲ ਐੱਨ ਜੀ) ਦੇ ਵਿਕਾਸ ਦਾ ਬੀ ਸੀ ਦੀ ਆਰਥਿਕਤਾ 'ਤੇ ਸਾਕਾਰਾਤਮਕ ਪ੍ਰਭਾਵ ਪੈਣ ਦੀ ਉਮੀਦ ਹੈ। ਆਈ ਸੀ ਬੀ ਸੀ 'ਤੇ ਵਿੱਤੀ ਨਿਰੰਤਰਤਾ ਅਤੇ ਕੁਦਰਤੀ ਸਰੋਤਾਂ ਦੇ ਮਾਲੀਏ ਉੱਤੇ ਵਿਸ਼ਵਵਿਆਪੀ ਵਪਾਰ ਦੀ ਅਨਿਸ਼ਚਤਤਾ ਦਾ ਪ੍ਰਭਾਵ ਵਿੱਤੀ ਯੋਜਨਾ ਨੂੰ ਖਤਰੇ ਵਿੱਚ ਪਾਉਂਦਾ ਹੈ।

ਇਹਨਾਂ ਜੋਖਮਾਂ ਦੇ ਪ੍ਰਬੰਧਨ ਲਈ ਬਜਟ 2020 ਦੀ ਭਵਿੱਖਬਾਣੀ ਬੀ ਸੀ ਦੀ ਅਸਲ ਜੀ ਡੀ ਪੀ ਵਿਕਾਸ ਆਰਥਿਕ ਭਵਿੱਖਬਾਣੀ ਕੌਂਸਲ ਦੁਆਰਾ ਪ੍ਰਦਾਨ ਕੀਤੇ ਨਜ਼ਰੀਏ ਤੋਂ ਹੇਠਾਂ ਰਹਿੰਦੀ ਹੈ, ਜੋ ਵਿੱਤੀ ਯੋਜਨਾ ਵਿੱਚ ਵਿਵੇਕ ਦੇ ਸਤਰ ਨੂੰ ਦਰਸਾਉਂਦੀ ਹੈ।

ਵਿੱਤੀ ਯੋਜਨਾ ਵਿੱਚ ਵਿਵੇਕ ਦੀਆਂ ਹੋਰ ਪਰਤਾਂ ਸ਼ਾਮਲ ਕੀਤੀਆਂ ਗਈਆਂ ਹਨ ਤਾਂ ਜੋ ਉਮੀਦ ਨਾਲੋਂ ਘੱਟ ਆਮਦਨ, ਸੰਭਾਵਿਤ ਖਰਚੇ ਜਾਂ ਐਮਰਜੈਂਸੀ ਤੋਂ ਘੱਟ ਦੀ ਸੰਭਾਵਨਾ ਨੂੰ ਹੱਲ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ। ਬਜਟ 2020 ਵਿੱਚ ਵਿੱਤੀ ਯੋਜਨਾ ਦੇ ਤਿੰਨ ਸਾਲਾਂ ਵਿੱਚ ਹਰੇਕ ਵਿੱਚ $300 ਮਿਲੀਅਨ ਡਾਲਰ ਦਾ ਸਾਲਾਨਾ ਪੂਰਵ ਅਨੁਮਾਨ ਭੱਤਾ ਸ਼ਾਮਲ ਹੈ। ਬਜਟ 2020 ਵਿੱਚ 2020-21 ਵਿੱਚ $600 ਮਿਲੀਅਨ ਅਤੇ 2021-22 ਅਤੇ 2022-23 ਵਿੱਚ $400 ਮਿਲੀਅਨ ਪ੍ਰਤੀ ਸਾਲ ਅਤਿ ਸੰਕਟਕਾਲੀ ਅਲਾਟਮੈਂਟ ਵੀ ਸ਼ਾਮਲ ਹੈ।

## ਬਜਟ ਦ੍ਰਿਸ਼ਟੀਕੋਣ

ਬਜਟ 2020 ਦੀਆਂ ਪਰਿਯੋਜਨਾਵਾਂ:

- 2020-21 ਵਿੱਚ $227 ਮਿਲੀਅਨ
- 2021-22 ਵਿੱਚ $179 ਮਿਲੀਅਨ
- 2022-23 ਵਿੱਚ $374 ਮਿਲੀਅਨ

## ਖਜ਼ਾਨਾ ਦ੍ਰਿਸ਼ਟੀਕੋਣ

2020-21 ਵਿੱਚ ਕੁੱਲ ਸਰਕਾਰੀ ਆਮਦਨ $60.6 ਬਿਲੀਅਨ, 2021-22 ਵਿੱਚ $62.4 ਬਿਲੀਅਨ ਅਤੇ 2022-23 ਵਿੱਚ $64.2 ਬਿਲੀਅਨ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ।

## ਖਰਚ ਦ੍ਰਿਸ਼ਟੀਕੋਣ

ਤਿੰਨ ਸਾਲਾ ਵਿੱਤੀ ਯੋਜਨਾ ਵਿੱਚ ਕੁੱਲ ਖਰਚ 2020-21 ਵਿੱਚ $60.1 ਬਿਲੀਅਨ, 2021-22 ਵਿੱਚ $61.9 ਬਿਲੀਅਨ ਅਤੇ 2022-23 ਵਿੱਚ $63.5 ਬਿਲੀਅਨ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ।

## ਪੂੰਜੀ ਖਰਚ

ਵਿੱਤੀ ਯੋਜਨਾ ’ਤੇ ਟੈਕਸਦਾਤਾ ਸਹਿਯੋਗੀ ਪੂੰਜੀ ਖਰਚ ਰਿਕਾਰਡ ਦਰ ’ਤੇ $22.9 ਬਿਲੀਅਨ ਹੈ ਅਤੇ ਇਸ ਵਿੱਚ ਸਕੂਲ, ਪੋਸਟ ਸੈਕਡੰਰੀ ਸਹੂਲਤਾਂ, ਆਵਾਜਾਈ, ਸੜਕਾਂ, ਪੁਲਾਂ ਅਤੇ ਹਸਪਤਾਲਾਂ ਸਮੇਤ ਸੂਬਾਈ ਬੁਨਿਆਦੀ ਢਾਂਚੇ ਨੂੰ ਕਾਇਮ ਰੱਖਣ ਅਤੇ ਵਧਾਉਣ ਲਈ ਨਵੇਂ ਨਿਵੇਸ਼ ਸ਼ਾਮਲ ਹਨ।

**ਕਰਜ਼ ਸਮਰੱਥਾ**

ਬੀ ਸੀ ਦਾ ਟੈਕਸਦਾਤਾ ਸਹਿਯੋਗੀ ਕਰਜ਼ਾ ਵਿੱਤੀ ਸਾਲ 2020-21 ਦੇ ਅੰਤ ਵਿੱਚ $49.2 ਬਿਲੀਅਨ, 2021-22 ਵਿੱਚ $53.9 ਅਤੇ 2022-23 ਦੇ ਅੰਤ ਤੱਕ $58.6 ਬਿਲੀਅਨ ਡਾਲਰ ਰਹਿਣ ਦਾ ਅਨੁਮਾਨ ਹੈ। ਟੈਕਸਪੇਅਰ ਸਹਿਯੋਗੀ ਡੈੱਟ ਟੂ ਜੀ ਡੀ ਪੀ ਅਨੁਪਾਤ ਕਰੈਡਿਟ ਰੇਟਿੰਗ ਏਜੰਸੀਆਂ ਦੁਆਰਾ ਵਰਤੀ ਜਾਂਦੀ ਇੱਕ ਮੁੱਖ ਮੈਟ੍ਰਿਕ ਵਿੱਤੀ ਯੋਜਨਾ ਦੀ ਮਿਆਦ ਦੇ ਅੰਤ ਤੱਕ 17% ਦੇ ਨੇੜੇ ਰਹਿਣ ਦੀ ਉਮੀਦ ਹੈ।

ਸੰਪਰਕ:

ਵਿੱਤ ਮੰਤਰਾਲਾ

ਮੀਡੀਆ ਰਿਲੇਸ਼ਨਜ਼

778 974-3341

---

ਬੀ ਸੀ ਸੂਬੇ ਨਾਲ ਜੁੜਨ ਲਈ ਜਾਓ: news.gov.bc.ca/connect

# ਬੈਕਗਰਾਊਂਡਰ 2

**ਤੁਰੰਤ ਜਾਰੀ ਕਰਨ ਲਈ**

2020FIN0008-000290 ਵਿੱਤ ਮੰਤਰਾਲਾ

18 ਫਰਵਰੀ, 2020

**ਨਵੀਂ ਬੀ ਸੀ ਐਕਸਸ ਗਰਾਂਟ**

ਘੱਟ-ਤੋਂ ਮੱਧ ਵਰਗੀ ਆਮਦਨ ਵਾਲੇ ਪੋਸਟ ਸੈਕਡੰਰੀ ਵਿਦਿਆਥੀਆਂ ਨੂੰ ਸਹਿਯੋਗ ਦੇਣ ਲਈ, ਜਦ ਉਹਨਾਂ ਨੂੰ ਸਭ ਤੋਂ ਵੱਧ ਜ਼ਰੂਰਤ ਹੋਵੇ, ਬਜਟ 2020 ਬੀ ਸੀ ਦੇ ਵਿਦਿਆਰਥੀਆਂ ਦੀ ਜ਼ਿੰਦਗੀ ਵਧੇਰੇ ਕਿਫਾਇਤੀ ਬਣਾਉਣ ਲਈ ਅਗਲੇ ਕਦਮ ਲੈ ਰਿਹਾ ਹੈ।

ਬੀ ਸੀ ਵਿਦਿਆਰਥੀ ਲੋਨ ’ਤੇ ਵਿਆਜ ਨੂੰ ਖਤਮ ਕਰਨ ਨਾਲ ਨਵੀਂ ਜ਼ਰੂਰਤ-ਆਧਾਰਿਤ ਸ਼ੁਰੂਆਤੀ ਬੀ ਸੀ ਐਕਸਸ ਗਰਾਂਟ ਸਿੱਖਿਆ ਦੇ ਰਾਹ ਦੀਆਂ ਰੁਕਾਵਟਾਂ ਦੂਰ ਕਰੇਗੀ ਅਤੇ ਸਿੱਖਿਅਕਾਂ ਨੂੰ ਆਪਣੀ ਪੜ੍ਹਾਈ ਪੂਰੀ ਕਰਨ ਲਈ ਸਹਿਯੋਗ ਪ੍ਰਦਾਨ ਕਰੇਗੀ।

2020 ਪਤਝੜ ਦੇ ਸਮੈਸਟਰ ਦੇ ਸਮੇਂ ਲਈ ਸੂਬੇ ਭਰ ਦੇ ਪਬਲਿਕ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ 40,000 ਤੋਂ ਵਧੇਰੇ ਯੋਗ ਵਿਦਿਆਰਥੀ ਆਪਣੀ ਸਿੱਖਿਆ ਲਈ ਸ਼ੁਰੂਆਤੀ ਖਰਚੇ ’ਤੇ ਤੁਰੰਤ ਸਹਿਯੋਗ ਪ੍ਰਾਪਤ ਕਰਨਗੇ।

ਬੀ ਸੀ ਐਕਸਸ ਗਰਾਂਟ ਫੁੱਲ ਟਾਈਮ ਵਿਦਿਆਰਥੀਆਂ ਲਈ ਕੈਨੇਡਾ ਵਿਦਿਆਰਥੀ ਗਰਾਂਟ ਦੀ ਪੂਰਤੀ ਕਰਦੀ ਹੈ, ਇਹ ਯਕੀਨੀ ਬਣਾਉਂਦੀ ਹੈ ਕਿ ਬੀ ਸੀ ਦੇ ਵਿਦਿਆਰਥੀ ਡਿਗਰੀ ਵੱਲ ਜਾਣ ਵਾਲੇ ਪ੍ਰੋਗਰਾਮਾਂ, ਡਿਪਲੋਮਾ ਜਾਂ ਸਰਟੀਫਿਕੇਟ ਦੇ ਖਰਚਿਆਂ ਲਈ $4000 ਸਾਲਾਨਾ ਮਦਦ ਹਾਸਲ ਕਰਨ।

ਦੋ ਸਾਲ ਤੋਂ ਘੱਟ ਅਵਧੀ ਵਾਲੇ ਪ੍ਰੋਗਰਾਮ ਵਿੱਚ ਦਾਖਲ ਯੋਗ ਵਿਦਿਆਰਥੀ ਬੀ ਸੀ ਐਕਸਸ ਗਰਾਂਟ ਸਹਿਯੋਗ ਵਿੱਚ $4000 ਸਾਲਾਨਾ ਪ੍ਰਾਪਤ ਕਰ ਸਕਦੇ ਹਨ।

ਦੋ ਸਾਲ ਤੋਂ ਵੱਧ ਸਮੇਂ ਵਾਲੇ ਪ੍ਰੋਗਰਾਮ ਵਿੱਚ ਦਾਖਲ ਯੋਗ ਵਿਦਿਆਰਥੀ ਬੀ ਸੀ ਐਕਸਸ ਗਰਾਂਟ ਸਹਿਯੋਗ ਵਿੱਚ $1000 ਸਾਲਾਨਾ ਪ੍ਰਾਪਤ ਕਰ ਸਕਦੇ ਹਨ। ਨਾਲ ਹੀ ਫੁੱਲ ਟਾਈਮ ਸਟੂਡੈਂਟ ਪ੍ਰੋਗਰਾਮ ਵਿੱਚ ਕੈਨੇਡਾ ਸਟੂਡੈਂਟ ਗਰਾਂਟ ਦੇ ਤਹਿਤ $3000 ਡਾਲਰ ਤੱਕ ਮਿਲਣਗੇ, ਜਿਸ ਨਾਲ ਕੁੱਲ $4000 ਸਾਲਾਨਾ ਤੱਕ ਹੋ ਜਾਵੇਗਾ।

ਗਰਾਂਟ ਦਾ ਡਿਜ਼ਾਈਨ ਜ਼ਰੂਰਤ-ਆਧਾਰਿਤ ਵਧੀਆ ਅਭਿਆਸ ਅਤੇ ਖੋਜ ਨੂੰ ਪ੍ਰਦਰਸ਼ਿਤ ਕਰਦਾ ਹੈ, ਸ਼ੁਰੂਆਤੀ ਗਰਾਂਟ ਨਾ ਸਿਰਫ ਸਿੱਖਿਆ ਤੱਕ ਪਹੁੰਚ ਦਿੰਦੀ ਹੈ ਬਲਕਿ ਵਿਦਿਆਰਥੀਆਂ ਲਈ ਜ਼ਿੰਦਗੀ

ਨੂੰ ਵਧੇਰੇ ਕਿਫਾਇਤੀ ਬਣਾਉਂਦੇ ਹੋਏ ਇਸਨੂੰ ਪੂਰਾ ਕਰਨ ਲਈ ਵੀ ਉਤਸ਼ਾਹਿਤ ਕਰਦੀ ਹੈ, ਜਦੋਂ ਉਹ ਹਰ ਸਕੂਲ ਵਰ੍ਹੇ ਦੀ ਸ਼ੁਰੂਆਤ ਵਿੱਚ ਪੋਸਟ ਸੈਕਡੰਰੀ ਸਿੱਖਿਆ ਸ਼ੁਰੂ ਕਰਦੇ ਹਨ।

ਨਵੀਂ ਗਰਾਂਟ ਅਗਲੇ ਤਿੰਨ ਸਾਲਾਂ ਵਿੱਚ ਨਵੀਂ $24 ਮਿਲੀਅਨ ਨਿਵੇਸ਼ ਦਾ ਨਿਰਮਾਣ ਕਰੇਗੀ ਅਤੇ ਬੀ ਸੀ ਦੇ ਵਿਦਿਆਰਥੀ ਐਡਵੋਕੇਟਾਂ ਦੀ ਇਨਪੁੱਟ ਦੇ ਆਧਾਰ ਤੇ ਮੌਜੂਦਾ ਗਰਾਂਟ ਪ੍ਰੋਗਰਾਮ ਨੂੰ ਪੁਨਰ ਡਿਜ਼ਾਈਨ ਕੀਤਾ ਜਾਵੇਗਾ। ਨਾਲ ਹੀ ਲਗਭਗ $37 ਮਿਲੀਅਨ ਤੋਂ ਇਲਾਵਾ ਸਰਕਾਰ ਇਹ ਸੁਨਿਸ਼ਚਤ ਕਰਨ ਲਈ ਗਰਾਂਟ ਵਿੱਚ ਪੁਨਰਨਿਵੇਸ਼ ਕਰ ਰਹੀ ਹੈ ਕਿ ਵਿਦਿਆਰਥੀਆਂ ਨੂੰ ਇਹ ਮਦਦ ਮਿਲੇ ਜਦ ਉਹਨਾਂ ਨੂੰ ਇਸਦੀ ਸਭ ਤੋਂ ਵੱਧ ਜ਼ਰੂਰਤ ਹੈ।

ਇਸਦਾ ਮਤਲਬ ਲਗਭਗ ਦੁੱਗਣੇ ਵਿਦਿਆਰਥੀ ਇਹ ਸਹਿਯੋਗ ਹਾਸਲ ਕਰਨਗੇ।

ਬੀ ਸੀ ਐਕਸਸ ਗਰਾਂਟ ਪ੍ਰੋਗਰਾਮ ਲੇਬਰ ਮਾਰਕਿਟ ਦੀਆਂ ਤਰਜੀਹਾਂ, ਵਿਦਿਆਰਥੀਆਂ ਦੀ ਵਿੱਤੀ ਸਹਾਇਤਾ ਦਾ ਆਧੁਨਿਕੀਕਰਨ ਜਾਰੀ ਰੱਖਦਾ ਹੈ ਅਤੇ ਉੱਚ ਮੰਗ ਵਾਲੇ ਕਿੱਤਿਆਂ ਜਿਵੇਂ ਅਰਲੀ ਚਾਈਲਡਹੁੱਡ ਸਿੱਖਿਆ, ਸਿਹਤ ਸੰਭਾਲ ਸਹਾਇਕ ਅਤੇ ਟਰੇਡ ਕਾਮਿਆਂ ਦੀ ਮੰਗ ਨੂੰ ਪੂਰਾ ਕਰਨ ਲਈ ਲਚਕਦਾਰ ਹੈ।

ਬੀ ਸੀ ਐਕਸਸ ਗਰਾਂਟ ਪ੍ਰੋਗਰਾਮ ਬੀ ਸੀ ਸਰਕਾਰ ਦੇ ਜ਼ਿੰਦਗੀ ਬਿਹਤਰ ਅਤੇ ਵਧੇਰੇ ਕਿਫਾਇਤੀ ਬਣਾਉਣ ਦੇ ਕੰਮ ਵਜੋਂ ਹੋਇਆ ਹੈ, ਇਸ ਵਿੱਚ ਪੋਸਟ ਸੈਕਡੰਰੀ ਸੈਕਟਰ ਵਿੱਚ ਇਤਿਹਾਸਕ ਨਿਵੇਸ਼ ਅਤੇ ਯੋਜਨਾ ਤਬਦੀਲੀ ਸ਼ਾਮਲ ਹੈ:

**ਪੋਸਟ ਸੈਕਡੰਰੀ ਸਿੱਖਿਆ ਅਤੇ ਸਿਖਲਾਈ ਲਈ ਦਰਵਾਜ਼ੇ ਖੋਲ੍ਹਣਾ:**

- ਦੇਖਭਾਲ ਵਿਚ ਸਾਬਕਾ ਨੌਜਵਾਨਾਂ ਲਈ ਸਾਰੇ 25 ਜਨਤਕ ਪੋਸਟ ਸੈਕੰਡਰੀ ਅਦਾਰਿਆਂ ਵਿਚ ਮੁਫਤ ਟਿਊਸ਼ਨ ਤੱਕ ਪਹੁੰਚ ਲਈ  ਪ੍ਰੋਵਿੰਸ਼ੀਅਲ ਟਿਊਸ਼ਨ ਵੇਵਰ ਪ੍ਰੋਗਰਾਮ ਦੀ ਸ਼ੁਰੂਆਤ ਕਰ ਰਹੇ ਹਾਂ। ਅੱਜ ਦੀ ਤਾਰੀਖ ਤੱਕ ਦੇਖਭਾਲ ਵਿਚ 1,100 ਤੋਂ ਵੱਧ ਸਾਬਕਾ ਨੌਜਵਾਨਾਂ ਨੂੰ ਲਾਭ ਹੋਇਆ ਹੈ।
- ਬੀ.ਸੀ. ਵਿਦਿਆਰਥੀ ਕਰਜ਼ੇ ’ਤੇ ਵਿਆਜ ਖਤਮ ਕਰਨ ਨਾਲ ਇੱਕ ਆਮ ਵਿਦਿਆਰਥੀ ਜੋ ਸੰਯੁਕਤ ਬੀ.ਸੀ ਅਤੇ ਫੈਡਰਲ ਵਿਦਿਆਰਥੀ ਕਰਜ਼ੇ ਨਾਲ ਲਗਭਗ 28,000 ਵਿੱਚ ਗਰੈਜੂਏਟ ਹੁੰਦਾ ਹੈ ਅਤੇ ਅਤੇ 10 ਸਾਲਾਂ ਦੀ ਮੁੜ ਅਦਾਇਗੀ ਦੀ ਮਿਆਦ ਦੇ ਦੌਰਾਨ $ 2,300 ਵਿਆਜ ਖਰਚਿਆਂ 'ਤੇ ਕਰਜ਼ਾ ਦਿੰਦੇ ਹਨ।
- ਖੁੱਲੀਆਂ ਪਾਠ-ਪੁਸਤਕਾਂ ਵਿੱਚ $3 ਮਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕਰਕੇ ਸਿੱਖਿਆ ਦੇ ਖਰਚਿਆਂ ਨੂੰ ਘਟਾ ਰਹੇ ਹਾਂ, ਜੋ ਸੂਬੇ ਦਾ ਸਭ ਤੋਂ ਵੱਡਾ ਨਿਵੇਸ਼ ਹੈ।
- $12 ਮਿਲੀਅਨ ਡਾਲਰ ਦੇ ਨਿਵੇਸ਼ ਨਾਲ ਬੀ ਸੀ ਦਾ ਪਹਿਲਾ ਗਰੈਜੂਏਟ-ਸਕਾਲਰਸ਼ਿਪ ਫੰਡ ਬਣਾਉਣਾ-ਜੋ ਸੂਬੇ ਦੇ ਇਤਿਹਾਸ ਵਿਚ ਗਰੈਜੂਏਟ ਸਕਾਲਰਸ਼ਿਪ ਵਿਚ ਸਭ ਤੋਂ ਵੱਡਾ ਨਿਵੇਸ਼ ਹੈ।

**ਸਿੱਖਿਆ ਦੇ ਸੁਰੱਖਿਅਤ ਅਤੇ ਸ਼ਾਨਦਾਰ ਵਾਤਾਵਰਣ ਨੂੰ ਸਹਿਯੋਗ ਦੇਣਾ:**

- ਅੱਜ ਦੀ ਤਾਰੀਖ ਤੱਕ 1,975 ਨਵੇਂ ਬੈੱਡਾਂ ਨਾਲ ਛੇ ਸਾਲਾਂ ਦੌਰਾਨ ਲਗਭਗ 5,000 ਨਵੇਂ ਬੈੱਡਾਂ ਦੀ ਉਸਾਰੀ ਲਈ $450 ਮਿਲੀਅਨ ਡਾਲਰ ਦਾ ਨਿਵੇਸ਼ ਕਰਕੇ ਵਿਦਿਆਰਥੀਆਂ ਲਈ ਰਿਹਾਇਸ਼ ਨੂੰ ਵਧੇਰੇ ਪਹੁੰਚਯੋਗ ਅਤੇ ਕਿਫਾਇਤੀ ਯੋਗ ਬਣਾਉਣਾ।
- ਫੈਡਰਲ ਸਰਕਾਰ ਨਾਲ ਭਾਈਵਾਲੀ ਵਿਚ ਬੀ ਸੀ ਭਰ ਵਿੱਚ 11 ਨਵੇਂ ਅਤੇ ਸੁਧਰੇ ਹੋਏ ਟਰੇਡ, ਸਿਹਤ ਸੰਭਾਲ ਅਤੇ ਇੰਜੀਨੀਅਰਿੰਗ ਸਿਖਲਾਈ ਦੀਆਂ ਸਹੂਲਤਾਂ ਅਤੇ ਪੋਸਟ ਸੈਕੰਡਰੀ ਸੰਸਥਾਵਾਂ ਖੋਲ੍ਹਣੀਆਂ।
- ਬੀ ਸੀ ਭਰ ਦੀਆਂ ਸਾਰੀਆਂ ਪਬਲਿਕ ਅਤੇ ਪ੍ਰਾਈਵੇਟ ਪੋਸਟ-ਸੈਕੰਡਰੀ ਸੰਸਥਾਵਾਂ ਵਿਚ ਵਿਦਿਆਰਥੀਆਂ ਲਈ ਇਕ ਨਵੀਂ 24/7, ਮੁਫਤ ਮਾਨਸਿਕ-ਸਿਹਤ ਹੈਲਪਲਾਈਨ ਦਾ ਵਿਕਾਸ ਕਰਨਾ।
- ਪੋਸਟ ਸੈਕੰਡਰੀ ਅਦਾਰਿਆਂ ਵਿਚ ਯੌਨ ਹਿੰਸਾ ਰੋਕਣ ਦੇ ਪ੍ਰੋਗਰਾਮਾਂ ਵਿਚ $750,000 ਦਾ ਨਿਵੇਸ਼ ਕਰਨਾ।

**ਅੱਜ ਅਤੇ ਕੱਲ ਦੀਆਂ ਨੌਕਰੀਆਂ ਵਿੱਚ ਨਿਵੇਸ਼ ਕਰਨਾ:**

- ਬੀ ਸੀ ਭਰ ਵਿਚ ਜਨਤਕ ਪੋਸਟ ਸੈਕੰਡਰੀ ਅਦਾਰਿਆਂ ਵਿਚ ਤਕਨਾਲੋਜੀ ਦੇ ਵੱਖ-ਵੱਖ ਪ੍ਰੋਗਰਾਮਾਂ ਲਈ 2900 ਟੈੱਕ ਥਾਵਾਂ ਸ਼ਾਮਲ ਕਰਨ ਲਈ 2022-23 ਤਕ ਸਾਲਾਨਾ $42 ਮਿਲੀਅਨ ਪ੍ਰਦਾਨ ਕਰਨਾ।
- ਬੀ ਸੀ ਦੇ 25 ਪਬਲਿਕ ਪੋਸਟ-ਸੈਕੰਡਰੀ ਅਦਾਰਿਆਂ ਵਿਚੋਂ ਹਰੇਕ ਵਿਚ ਸਹਿ ਅਤੇ ਕਾਰਜ-ਏਕੀਕ੍ਰਿਤ ਸਿਖਲਾਈ ਨੂੰ ਵਧਾਉਣ ਲਈ ਸਮੁੱਚੇ ਤੌਰ 'ਤੇ ਲਗਭਗ $30 ਮਿਲੀਅਨ ਡਾਲਰ ਦਾ ਨਿਵੇਸ਼ ਕਰਨਾ।
- ਕੈਨੇਡਾ ਸਰਕਾਰ ਨਾਲ ਇੱਕ ਨਵੇਂ ਵਰਕਫੋਰਸ ਡਿਵੈਲਪਮੈਂਟ ਐਗਰੀਮੈਂਟ ਦੀ ਗੱਲ ਨਾਲ ਅਗਲੇ 6 ਸਾਲਾਂ ਵਿੱਚ 67,000 ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਟਰੇਨਿੰਗ ਦੇਣ ਅਤੇ ਸਿਖਲਾਈ ਵਿੱਚ ਸੁਧਾਰ ਕਰਨ ਲਈ $685 ਮਿਲੀਅਨ ਪ੍ਰਦਾਨ ਕਰਨਾ।
- ਅੱਜ ਦੀ ਤਾਰੀਖ ਤੱਕ ਦੇ ਨਿਵੇਸ਼ਾਂ ਵਿਚ  $12.4 ਮਿਲੀਅਨ ਡਾਲਰ ਸ਼ਾਮਲ ਹਨ, ਜੋ 2000 ਤੋਂ ਵੱਧ ਔਰਤਾਂ, ਨੌਜਵਾਨਾਂ ਅਤੇ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਨੂੰ ਹੁਨਰਮੰਦ ਵਪਾਰ ਦੀ ਸਿਖਲਾਈ ਦੇਣ ਵਿੱਚ ਮਦਦ ਕਰਦੇ ਹਨ ਅਤੇ ਮੂਲਵਾਸੀ ਭਾਈਚਾਰਿਆਂ ਵਿੱਚ ਲਗਭਗ 500 ਲੋਕਾਂ ਨੂੰ ਵਪਾਰ ਦੀ ਸਿਖਲਾਈ ਦੇਣ ਲਈ $7.5 ਮਿਲੀਅਨ ਡਾਲਰ ਦੀ ਸਹਾਇਤਾ ਕਰਦੇ ਹਨ।

- ਸਿਹਤ ਸੰਭਾਲ ਅਤੇ ਅਰਲੀ ਚਾਈਲਡਹੁੱਡ ਸਿੱਖਿਆ ਵਿੱਚ ਕਾਰਜਬਲ ਦੀਆਂ ਜ਼ਰੂਰਤਾਂ ਨੂੰ ਸੰਬੋਧਿਤ ਕਰਨਾ:

  - ਲੋਅਰ ਮੇਨਲੈਂਡ ਤੋਂ ਬਾਹਰ ਪ੍ਰਿੰਸ ਜਾਰਜ ਦੇ ਨਿਊ ਕੈਲੇਡੋਨੀਆ ਕਾਲਜ ਵਿੱਚ ਪਹਿਲੇ ਸੋਨੋਗ੍ਰਾਫੀ ਪ੍ਰੋਗਰਾਮ ਵਿੱਚ ਨਿਵੇਸ਼ ਕਰਨਾ, ਨਾਲ ਹੀ ਵੈਨਕੂਵਰ ਆਈਲੈਂਡ ਦੇ ਕੈਮੋਸਨ ਕਾਲਜ ਵਿਚ ਪਹਿਲਾ ਸੋਨੋਗ੍ਰਾਫੀ ਪ੍ਰੋਗਰਾਮ;
  - ਕਿੱਤਾਮੁਖੀ ਅਤੇ ਸਰੀਰਕ ਥੈਰੇਪੀ ਦੀਆਂ ਖਾਲੀ ਥਾਵਾਂ ਦਾ ਵਿਸਥਾਰ ਕਰਨਾ, ਅਤੇ ਨੌਰਥ ਵਿੱਚ ਪਹਿਲੇ ਪ੍ਰੋਗਰਾਮਾਂ ਦਾ ਨਿਰਮਾਣ ਕਰਨਾ;
  - ਫੋਰਟ ਸੇਂਟ ਜੌਨ ਦੇ ਨੌਰਥਈਸਟ ਵਿੱਚ ਪਹਿਲਾ ਨਰਸਿੰਗ ਡਿਗਰੀ ਪ੍ਰੋਗਰਾਮ ਬਣਾਉਣਾ; ਤਿੰਨ ਸਾਲਾ $ 7.4 ਮਿਲੀਅਨ ਦੇ ਨਿਵੇਸ਼ ਨਾਲ 12 ਪੋਸਟ ਸੈਕੰਡਰੀ ਤੋਂ ਸੰਸਥਾਵਾਂ ਵਿੱਚ ਅਰਲੀ ਚਾਈਲਡਹੁੱਡ ਐਜੂਕੇਸ਼ਨ ਦੀਆਂ 314 ਥਾਵਾਂ ਸ਼ਾਮਲ ਕਰਨਾ;

- ਵਪਾਰ ਸਿਖਲਾਈ ਦੇ ਨਿਵੇਸ਼ ਵਿੱਚ ਸ਼ਾਮਲ ਹੈ:

  - $ 12.4 ਮਿਲੀਅਨ ਦੀ ਸਹਾਇਤਾ 2,000 ਤੋਂ ਵੱਧ ਔਰਤਾਂ, ਨੌਜਵਾਨਾਂ ਅਤੇ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਲਈ ਹੁਨਰਮੰਦ ਵਪਾਰ ਦੀ ਸਿਖਲਾਈ ਤੱਕ ਪਹੁੰਚ ਲਈ;
  - ਬੀ ਸੀ ਭਰ ਵਿੱਚ ਮੂਲਵਾਸੀ ਭਾਈਚਾਰਿਆਂ ਵਿੱਚ ਤਕਰੀਬਨ 500 ਲੋਕਾਂ ਲਈ ਟਰੇਡ ਦੀ ਸਿਖਲਾਈ ਲਈ. $ 7.5 ਮਿਲੀਅਨ
  - ਅਪ੍ਰੈਂਟਿਸਾਂ ਅਤੇ ਮਾਲਕਾਂ ਦੋਵਾਂ ਨੂੰ ਸਹਿਯੋਗ ਦੇਣ ਲਈ ਐਪਰੈਂਟਿਸ ਸਲਾਹਕਾਰਾਂ ਦੀ ਗਿਣਤੀ ਵਧਾਉਣ ਲਈ $3.5 ਮਿਲੀਅਨ।

**ਫੌਰੀ ਤੱਥ:**

- ਅਗਲੇ 10 ਸਾਲਾਂ ਵਿੱਚ 77% ਸਾਰੀਆਂ ਨੌਕਰੀ ਦੇ ਖੁੱਲਣ ਲਈ ਪੋਸਟ ਸੈਕੰਡਰੀ ਸਿੱਖਿਆ ਅਤੇ ਸਿਖਲਾਈ ਦੀ ਲੋੜ ਪਵੇਗੀ: 41% ਨੂੰ ਇੱਕ ਸਰਟੀਫਿਕੇਟ ਜਾਂ ਡਿਪਲੋਮਾ ਦੀ ਜ਼ਰੂਰਤ ਹੋਏਗੀ ਅਤੇ 36% ਨੂੰ ਅੰਡਰਗਰੈਜੂਏਟ ਜਾਂ ਮਾਸਟਰ ਦੀ ਡਿਗਰੀ ਦੀ ਜ਼ਰੂਰਤ ਹੋਏਗੀ।
- ਸਤੰਬਰ 2020 ਤੋਂ, StudentAid BC ਤੋਂ ਵਿਦਿਆਰਥੀ ਵਿੱਤੀ ਸਹਾਇਤਾ ਲਈ ਅਰਜ਼ੀ ਦੇਣ ਵਾਲੇ ਯੋਗ ਵਿਦਿਆਰਥੀਆਂ ਦਾ ਬੀ ਸੀ ਐਕਸਸ ਗ੍ਰਾਂਟ ਲਈ ਆਪਣੇ ਆਪ ਮੁਲਾਂਕਣ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਵੱਖਰੇ ਤੌਰ 'ਤੇ ਅਰਜ਼ੀ ਦੇਣ ਦੀ ਜ਼ਰੂਰਤ ਨਹੀਂ ਹੈ।
- ਗਰਾਂਟ ਫੰਡਿੰਗ ਦੀ ਵਰਤੋਂ ਟਿਊਸ਼ਨ ਖਰਚਿਆਂ ਲਈ ਕੀਤੀ ਜਾ ਸਕਦੀ ਹੈ, ਪਰ ਇਸਦੀ ਵਰਤੋਂ ਮੁੱਢਲੇ ਜੀਵਨ ਖਰਚਿਆਂ ਲਈ ਵੀ ਕੀਤੀ ਜਾ ਸਕਦੀ ਹੈ, ਜਿਵੇਂ ਕਿ ਕਿਰਾਏ, ਗਰੋਸਰੀ ਜਾਂ ਟਰਾਂਜ਼ਿਟ।
- ਨਵਾਂ ਬੀ ਸੀ ਐਕਸੈਸ ਗਰਾਂਟ ਵਧੀਆ ਅਭਿਆਸਾਂ ਦੀ ਪਾਲਣਾ ਕਰਦੀ ਹੈ, ਬੀ ਸੀ ਨੂੰ ਦੂਜੇ ਕੈਨੇਡੀਅਨ ਅਧਿਕਾਰ ਖੇਤਰਾਂ ਦੇ ਅਨੁਸਾਰ ਲਿਆਂਦੀ ਹੈ, ਜੋ ਜ਼ਰੂਰਤ-ਅਧਾਰਤ ਗਰਾਂਟ ਪ੍ਰਦਾਨ ਕਰਦੇ ਹਨ।

- ਬੀ.ਸੀ. ਐਕਸੈਸ ਗਰਾਂਟ ਬੀ.ਸੀ. ਗਰੀਨ ਪਾਰਟੀ ਕੌਕਸ ਨਾਲ ਵਿਸ਼ਵਾਸ ਅਤੇ ਸਪਲਾਈ ਸਮਝੌਤੇ ਵਿਚ ਵਚਨਬੱਧਤਾ ਦਾ ਸਮਰਥਨ ਕਰਦੀ ਹੈ ਤਾਂ ਜੋ ਵਿਦਿਆਰਥੀਆਂ ਲਈ ਪੋਸਟ ਸੈਕੰਡਰੀ ਪੜ੍ਹਾਈ ਦੀ ਪਹੁੰਚ ਵਿਚ ਸੁਧਾਰ ਅਤੇ ਖਰਚ ਨੂੰ ਘਟਾਇਆ ਜਾ ਸਕੇ।


**ਸੰਪਰਕ:**

ਵਿੱਤ ਮੰਤਰਾਲਾ

ਮੀਡੀਆ ਰਿਲੇਸ਼ਨਜ਼

778 974-3341


---

ਬੀ ਸੀ ਸੂਬੇ ਨਾਲ ਜੁੜਨ ਲਈ ਜਾਓ: news.gov.bc.ca/connect

# ਬੈਕਗਰਾਊਂਡਰ 3

ਤੁਰੰਤ ਜਾਰੀ ਕਰਨ ਲਈ

2020FIN0008-000290 ਵਿੱਤ ਮੰਤਰਾਲਾ

18 ਫਰਵਰੀ, 2020

**ਬੀ ਸੀ ਦੀ ਸਭ ਤੋਂ ਵੱਡੀ ਬੁਨਿਆਦੀ ਢਾਂਚਾ ਯੋਜਨਾ**

ਅਗਲੇ 15 ਸਾਲਾਂ ਵਿੱਚ ਬੀ ਸੀ ਦੀ ਆਬਾਦੀ ਇੱਕ ਮਿਲੀਅਨ ਲੋਕਾਂ ਤੱਕ ਵਧਣ ਨਾਲ ਮਜ਼ਬੂਤ ਆਰਥਿਕ ਨੀਂਹ ਬਣਾਈ ਰੱਖਣ ਅਤੇ ਹਰ ਕਿਸੇ ਦੀ ਜ਼ਿੰਦਗੀ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ  ਬੁਨਿਆਦੀ ਢਾਂਚਾ ਅਤੇ ਸੇਵਾਵਾਂ ਪ੍ਰਦਾਨ ਕਰਨਾ ਮੁੱਖ ਕੁੰਜੀ ਹੈ।

ਬਜਟ 2020 ਟੈਕਸ ਭੁਗਤਾਨ ਕਰਨ ਵਾਲੇ ਸਹਿਯੋਗੀ ਪੂੰਜੀ ਖਰਚਿਆਂ ਨੂੰ ਤਿੰਨ ਸਾਲਾਂ ਵਿੱਚ $22.9 ਬਿਲੀਅਨ ਡਾਲਰ ਤੱਕ ਪਹੁੰਚਾ ਕੇ ਨਵੀਂ ਪੂੰਜੀ ਪ੍ਰਤੀਬੱਧਤਾ ਕਰਦਾ ਹੈ। ਬੀ ਸੀ ਦੇ ਇਤਿਹਾਸ ਵਿੱਚ ਸਭ ਤੋਂ ਉੱਚਾ ਪੱਧਰ ।

ਬੀ ਸੀ ਭਰ ਵਿੱਚ ਨਵੇਂ ਅਤੇ ਅਪਗਰੇਡ ਹਸਪਤਾਲਾਂ, ਹਾਈਵੇਅ ਅਤੇ ਟਰਾਂਜ਼ਿਟ ਪ੍ਰੋਜੈਕਟਾਂ, ਸਕੂਲਾਂ ਅਤੇ ਨਵੇਂ ਘਰਾਂ ’ਤੇ ਚਲ ਰਿਹਾ ਕੰਮ ਬੀ ਸੀ ਉਸਾਰੀ ਦੌਰਾਨ 10,000 ਸਿੱਧੀਆਂ ਅਤੇ ਅਸਿੱਧੀਆਂ ਨੌਕਰੀਆਂ ਨੂੰ ਉਤਸ਼ਾਹਿਤ ਕਰ ਰਿਹਾ ਹੈ।

ਵੱਧ ਰਹੇ ਸੂਬੇ ਵਜੋਂ ਇਹ ਨਿਵੇਸ਼ ਸੇਵਾਵਾਂ ਦੀ ਮੰਗ ਨੂੰ ਪੂਰਾ ਕਰਨ ਅਤੇ ਬੀ ਸੀ ਨੂੰ ਚਿਰਸਥਾਈ ਭਵਿੱਖ ਦੇ ਰਾਹ ’ਤੇ ਰੱਖਣ ਲਈ ਮਦਦ ਕਰਦਾ ਹੈ।

ਅਗਲੇ ਤਿੰਨ ਸਾਲਾਂ ਵਿੱਚ ਵਿੱਤੀ ਯੋਜਨਾ ਵਿੱਚ ਸ਼ਾਮਲ ਨਿਵੇਸ਼ ਹਨ:

**ਸਿਹਤ:** ਨਵੇਂ ਉਸਾਰੀ ਪ੍ਰੋਜੈਕਟਾਂ ਅਤੇ ਸਿਹਤ ਸਹੂਲਤਾਂ, ਮੈਡੀਕਲ ਅਤੇ ਡਾਇਗਨੋਸਟਿਕ ਉਪਕਰਣਾਂ ਅਤੇ ਜਾਣਕਰੀ ਪ੍ਰਬੰਧਨ ਪ੍ਰਣਾਲੀਆਂ ਦੇ ਅਪਗਰੇਡ ਨੂੰ ਸਹਿਯੋਗ ਦੇਣ ਲਈ $6.4 ਬਿਲੀਅਨ। ਵੱਡੇ ਪ੍ਰੋਜੈਕਟਾਂ ਵਿੱਚ ਨਿਊ ਵੈਸਟਮਨਿਸਟਰ ਵਿੱਚ ਰੌਇਲ ਕੋਲੰਬੀਅਨ ਹਸਪਤਾਲ ਦਾ ਪੁਨਰਵਿਕਾਸ, ਕੈਮਲੂਪਸ ਵਿੱਚ ਰੌਇਲ ਇਨਲੈਂਡ ਹਸਪਤਾਲ ਵਿੱਚ ਨਵਾਂ ਪੇਸ਼ੈਂਟ ਕੇਅਰ ਟਾਵਰ ਅਤੇ ਪੈਨਟਿਕਟਨ ਵਿੱਚ ਰੀਜਨਲ ਹਸਪਤਲ, ਟੈਰੇਸ ਵਿੱਚ ਮਿਲਜ਼ ਮੈਮੋਰੀਅਲ ਹਸਪਤਾਲ ਨੂੰ ਬਦਲਣਾ ਅਤੇ ਵੈਨਕੂਵਰ ਵਿੱਚ ਨਵਾਂ ਸੇਂਟ ਪਾਲ ਹਸਪਤਾਲ ਸ਼ਾਮਲ ਹੈ।

**ਟਰਾਂਸਪੋਰਟੇਸ਼ਨ**: ਪ੍ਰਾਥਮਿਕਤਾ ਪ੍ਰੋਜੈਕਟਾਂ ਲਈ $7.4 ਬਿਲੀਅਨ, ਇਸ ਵਿੱਚ ਪਟੋਲੋ ਬ੍ਰਿਜ ਰਿਪਲੇਸਮੈਂਟ, ਬਰੋਡਵੇਅ ਸਬਵੇਅ, ਕਿਕਿੰਗ ਹੋਰਸ ਕੈਨੀਏਨ ਰਾਂਹੀ ਹਾਈਵੇਅ 1 ’ਤੇ ਫੋਰ ਲੇਨ ਅਤੇ

ਡੈਲਟਾ, ਲੈਂਗਲੀ ਅਤੇ ਵੈਨਕੂਵਰ ਆਈਲੈਂਡ ਦੇ ਦੱਖਣੀ ਤੱਟ 'ਤੇ ਹਾਈਵੇਅ ਕੌਰੀਡੋਰ ਵਿੱਚ ਸੁਧਾਰ ਸ਼ਾਮਲ ਹੈ।

**ਸਿੱਖਿਆ**: ਨੌਰਥ ਵੈਨਕੂਵਰ, ਸੂਕ ਸਕੂਲ ਡਿਸਟ੍ਰਿਕਟ, ਕੁਐਨੱਲ, ਕੁੱਕਿਟਲਮ, ਗਰੇਟਰ ਵਿਕਟੋਰੀਆ ਸਕੂਲ ਡਿਸਟ੍ਰਿਕਟ, ਐਬਟਸਫੋਰਡ ਅਤੇ ਨਾਲ ਹੀ ਕੈਮਲੂਪਸ ਵਿੱਚ ਵੈਲੀਵਿਊ ਸੈਕਡੰਰੀ ਵਿੱਚ ਕੇ-12 ਅਦਾਰਿਆਂ ਦੇ ਰੱਖ-ਰਖਾਵ, ਤਬਦੀਲੀ, ਨਵੀਨੀਕਰਣ ਜਾਂ ਵਿਸਤਾਰ ਲਈ $2.8 ਬਿਲੀਅਨ। ਇਹਨਾਂ ਵਿੱਚੋਂ ਬਹੁਤ ਸਾਰੇ ਨਵੇਂ ਅਤੇ ਅਪਗਰੇਡ ਸਕੂਲਾਂ ਦੇ ਗੁਆਂਢ ਵਿੱਚ ਸਿੱਖਿਆ ਕੇਂਦਰ ਅਤੇ ਬਾਲ ਸੰਭਾਲ ਥਾਵਾਂ ਹੋਣਗੀਆਂ।

**ਪੋਸਟ ਸੈਕਡੰਰੀ ਸਿੱਖਿਆ**-ਸਮਰੱਥਾ ਵਧਾਉਣ ਅਤੇ ਮੁੱਖ ਸੈਕਟਰਾਂ ਵਿੱਚ ਸੂਬੇ ਦੇ ਭਵਿੱਖ ਦੇ ਕਾਰਜਬਲ ਲਈ ਲੋੜਾਂ ਪੂਰੀਆਂ ਕਰਨ ਲਈ $3.1 ਬਿਲੀਅਨ। ਇਸ ਵਿੱਚ ਸਿਹਤ, ਸਾਇੰਸ, ਵਪਾਰ ਅਤੇ ਟੈਕਨਾਲੋਜੀ ਸ਼ਾਮਲ ਹੈ। ਪ੍ਰੋਜੈਕਟਾਂ ਵਿੱਚ ਸ਼ਾਮਲ ਹਨ: ਬ੍ਰਿਟਿਸ਼ ਕੋਲੰਬੀਆ ਵਿੱਚ ਵਿਦਿਆਰਥੀਆਂ ਲਈ ਇੱਕ ਨਵੀਂ ਸਿਹਤ ਵਿਗਿਆਨ ਇਮਾਰਤ; ਬਰਨਬੀ ਵਿੱਚ ਇੰਸਟੀਚਿਊਟ ਆਫ ਟੈਕਨਾਲੋਜੀ; ਬਰਨਬੀ ਦੇ ਸਾਈਮ ਫਰੇਜ਼ਰ ਯੂਨੀਵਰਸਿਟੀ ਵਿੱਚ ਸੀਡਰ ਸੁਪਰ ਕੰਪਿਊਟਰ ਦੇ ਵਿਸਤਾਰ ਲਈ ਨਵੇਂ ਉਪਕਰਣ ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵੈਨਕੂਵਰ ਕੈਂਪਸ ਲਈ ਖਾਸ ਉਪਕਰਣ, ਵੈਨਕੂਵਰ ਜਨਰਲ ਹਸਪਤਾਲ ਅਤੇ ਬੀ ਸੀ ਕੈਂਸਰ ਰਿਸਰਚ ਸੈਂਟਰ ਵਾਸਤੇ ਪ੍ਰੋਸਟਰੇਟ, ਬਲੈਡਰ ਅਤੇ ਕਿਡਨੀ ਕੈਂਸਰ ਵਾਸਤੇ ਨਿੱਜੀ ਇਲਾਜ ਨੂੰ ਸਿਹਯੋਗ ਦੇਣਾ।

ਨਾਲ ਹੀ ਸੂਬਾਈ ਵਿਦਿਆਰਥੀ ਲੋਨ ਪ੍ਰੋਗਰਾਮ ਬੀ ਸੀ ਭਰ ਵਿੱਚ ਟੈਰਸ ਤੋਂ ਕਰੈਨਬਰੁੱਕ ਅਤੇ ਪ੍ਰਿੰਸ ਜੋਰਜ ਤੋਂ ਵਿਕਟੋਰੀਆ ਤੱਕ ਲਗਭਗ 5000 ਨਵੇਂ ਵਿਦਿਆਰਥੀ ਰਿਹਾਇਸ਼ੀ ਬੈੱਡ ਦੇਖੇਗਾ।

**ਰਿਹਾਇਸ਼**: ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਕਿਫਾਇਤੀ ਘਰਾਂ ਦਾ ਨਿਰਮਾਣ ਕਰਨ ਲਈ ਸਾਂਝੇਦਾਰੀ ਵਿੱਚ ਸਰਕਾਰ ਦੀ 10 ਨੁਕਾਤੀ ਯੋਜਨਾ ਦੇ ਹਿੱਸੇ ਵਜੋਂ ਬੀ ਸੀ ਭਰ ਵਿੱਚ ਨਵੇਂ ਘੱਟ ਅਤੇ ਮੱਧ ਵਰਗੀ ਆਮਦਨ ਵਾਲੇ ਰਿਹਾਇਸ਼ ਦੀ ਉਸਾਰੀ ਲਈ ਅਗਲੇ ਤਿੰਨ ਸਾਲਾਂ ਵਿੱਚ $1 ਬਿਲੀਅਨ ਤੋਂ ਵਧੇਰੇ ਨਾਲ ਸਹਿਯੋਗ ਦਿੱਤਾ ਜਾਵੇਗਾ। ਇਸ ਵਿੱਚ ਬਜ਼ੁਰਗਾਂ, ਮੂਲਵਾਸੀ ਲੋਕਾਂ ਅਤੇ ਪਰਿਵਾਰਾਂ ਲਈ ਵਧੇਰੇ ਰਿਹਾਇਸ਼ ਸ਼ਾਮਲ ਹੈ। ਬਜਟ 2020 ਬੇਘਰ ਦੇ ਖਤਰੇ 'ਤੇ ਜਾਂ ਬੇਘਰਤਾ ਨਾਲ ਜੂਝ ਰਹੇ ਲੋਕਾਂ ਲਈ ਸਹਿਯੋਗੀ ਮੌਡੂਲਰ ਘਰਾਂ ਲਈ 200 ਨਵੇਂ ਯੂਨਿਟਾਂ ਨੂੰ $456 ਮਿਲੀਅਨ ਦਾ ਵਾਧੂ ਸਹਿਯੋਗ ਦਿੰਦਾ ਹੈ।

**ਸੰਪਰਕ:**

ਵਿੱਤ ਮੰਤਰਾਲਾ

ਮੀਡੀਆ ਰਿਲੇਸ਼ਨਜ਼

778 974-3341

# ਬੈਕਗਰਾਊਂਡਰ 4

ਤੁਰੰਤ ਜਾਰੀ ਕਰਨ ਲਈ

2020FIN0008-000290 ਵਿੱਤ ਮੰਤਰਾਲਾ

18 ਫਰਵਰੀ, 2020

## ਮੇਲ ਮਿਲਾਪ ਦੀ ਨੀਂਹ ਦਾ ਨਿਰਮਾਣ

ਜਿਸ ਦਿਨ ਤੋਂ ਇਸ ਸਰਕਾਰ ਨੇ ਸਹੁੰ ਚੁਕੀ ਹੈ, ਇਸ ਨੇ ਮੂਲਵਾਸੀ ਅਧਿਕਾਰਾਂ ਅਤੇ ਮੇਲ-ਮਿਲਾਪ ਨੂੰ ਪ੍ਰਾਥਮਿਕਤਾ ਬਣਾਇਆ ਹੈ- ਨਾ ਸਿਰਫ ਇੱਕ ਮੰਤਰਾਲੇ ਵਿੱਚ, ਬਲਕਿ ਸਾਰੀ ਸਰਕਾਰ ਵਿਚ। ਜਿਸ ਦਿਨ ਹਰੇਕ ਮੰਤਰੀ ਨੂੰ ਉਨ੍ਹਾਂ ਦੀਆਂ ਵਿਅਕਤੀਗਤ ਮੰਤਰੀ ਮੰਡਲ ਦੀਆਂ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਸਨ, ਉਹਨਾਂ ਨੂੰ ਇੱਕ ਆਦੇਸ਼ ਪੱਤਰ ਵੀ ਦਿੱਤਾ ਗਿਆ ਸੀ। ਇਸ ਪੱਤਰ ਨੇ ਉਨ੍ਹਾਂ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਮੂਲਵਾਸੀ ਲੋਕਾਂ ਨਾਲ ਸਦੀਵੀ ਮੇਲ-ਮਿਲਾਪ ਕਰਨ ਅਤੇ United Nations Declaration on the Rights of Indigenous Peoples (the UN Declaration) ਦੇ ਕੰਮ ਦੀ ਹਮਾਇਤ ਕਰਨ ਅਤੇ ਲਾਗੂ ਕਰਨ ਦਾ ਨਿਰਦੇਸ਼ ਦਿੱਤਾ।

### ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਐਕਟ ਦਾ ਐਲਾਨ (The Declaration on the Rights of Indigenous Peoples Act)

ਪਤਝੜ 2019 ਵਿੱਚ, ਵਿਧਾਨ ਸਭਾ ਨੇ ਸਰਬਸੰਮਤੀ ਨਾਲ ਫਸਟ ਨੇਸ਼ਨਜ਼ ਲੀਡਰਸ਼ਿਪ ਕੌਂਸਲ ਦੇ ਸਹਿਯੋਗ ਨਾਲ ਵਿਕਸਤ ਕੀਤੇ ਰਾਈਟ ਆਫ ਇਨਡਿਗਨੀਅਸ ਪੀਪਲ ਐਕਟ (ਦ ਡੈਕਲੇਅਰੇਸ਼ਨ ਐਕਟ) ਬਾਰੇ ਐਲਾਨਨਾਮੇ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ, ਜਿਸ ਵਿੱਚ ਬੀ.ਸੀ. ਅਸੈਂਬਲੀ ਆਫ਼ ਫਸਟ ਨੇਸ਼ਨਜ਼, ਫਸਟ ਨੇਸ਼ਨਜ਼ ਸੰਮੇਲਨ ਅਤੇ ਯੂਨੀਅਨ ਆਫ ਬੀ ਸੀ ਇੰਡੀਅਨ ਚੀਫ ਸ਼ਾਮਲ ਸਨ।

ਦ ਡੈਕਲੇਅਰੇਸ਼ਨ ਐਕਟ ਲਈ ਬ੍ਰਿਟਿਸ਼ ਕੋਲੰਬੀਆ ਦੇ ਮੂਲਵਾਸੀ ਲੋਕਾਂ ਨਾਲ ਸਲਾਹ ਮਸ਼ਵਰੇ ਅਤੇ ਸਹਿਯੋਗ ਨਾਲ ਸਰਕਾਰ ਨੂੰ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨਾਲ ਸੂਬਾਈ ਕਾਨੂੰਨਾਂ ਨੂੰ ਇਕਸਾਰ ਕਰਨ ਲਈ ਲੋੜੀਂਦੇ ਸਾਰੇ ਉਪਰਾਲੇ ਕਰਨ ਦੀ ਮੰਗ ਕੀਤੀ ਗਈ ਹੈ। ਇਹ ਸਰਕਾਰ ਨੂੰ ਸਾਲਾਨਾ ਰਿਪੋਰਟ ਦੀ ਪ੍ਰਗਤੀ ਦੇ ਨਾਲ UN Declaration ਦੇ ਉਦੇਸ਼ਾ ਦੀ ਪੂਰਤੀ ਲਈ ਇੱਕ ਕਾਰਜ ਯੋਜਨਾ ਬਣਾਉਣ ਦਾ ਵੀ ਆਦੇਸ਼ ਦਿੰਦਾ ਹੈ।

ਸਰਕਾਰ ਅਗਲੇ ਕਦਮਾਂ ਬਾਰੇ ਮੂਲਵਾਸੀ ਲੋਕਾਂ, ਰਾਸ਼ਟਰਾਂ, ਸੰਸਥਾਵਾਂ ਅਤੇ ਲੀਡਰਸ਼ਿਪ ਨਾਲ ਕੰਮ ਕਰਨ ਲਈ ਵਚਨਬੱਧ ਹੈ। ਘੋਸ਼ਣਾ ਐਕਟ ਨੂੰ ਪੂਰਨ ਰੂਪ ਵਿਚ ਲਾਗੂ ਕਰਨ ਲਈ ਸਰਕਾਰ ਨੂੰ ਇਸ ਵਚਨਬੱਧਤਾ ਤੋਂ ਮਾਰਗ ਦਿਸ਼ਾ ਮਿਲੇਗੀ।

## ਮਿਲਾਪ ਦੇ ਸਮਰਥਨ ਲਈ ਚੱਲ ਰਹੇ ਕੰਮ

ਸਾਰੀ ਸਰਕਾਰ ਪਿਛਲੇ ਢਾਈ ਸਾਲਾਂ ਤੋਂ ਸਿਹਤਮੰਦ ਅਤੇ ਵੱਧ ਫੁੱਲ ਰਹੇ ਭਾਈਚਾਰਿਆਂ ਦੀ ਸਹਾਇਤਾ ਲਈ ਮੂਲਵਾਸੀ ਲੋਕਾਂ ਨਾਲ ਕੰਮ ਕਰਨ ਲਈ ਕਦਮ ਚੁੱਕਣ ਵਿੱਚ ਲੱਗੀ ਹੋਈ ਹੈ।

ਸਰਕਾਰ ਨੀਤੀਆਂ ਨੂੰ ਬਦਲਣ ਅਤੇ ਮੂਲਵਾਸੀ ਲੋਕਾਂ ਨਾਲ ਲੰਮੇ ਸਮੇਂ ਦੇ ਪਾੜੇ ਨੂੰ ਪਹਿਲ ਦੇ ਆਧਾਰ ’ਤੇ ਸੰਬੋਧਨ ਕਰਨ ਲਈ ਤੇਜ਼ੀ ਨਾਲ ਅੱਗੇ ਵਧ ਗਈ ਹੈ, ਇਸ ਵਿੱਚ Calls to Action of the Truth and Reconciliation Commission ਨੂੰ ਸੰਬੋਧਿਤ ਕਰਨ ਦਾ ਕੰਮ ਵੀ ਸ਼ਾਮਲ ਹੈ।

ਘੋਸ਼ਣਾ ਐਕਟ ਇਸ ਕਾਰਜ ਦੀ ਨੀਂਹ ਉੱਤੇ ਅਧਾਰਤ ਹੈ ਅਤੇ ਸਰਕਾਰ ਦੀ ਸਹੀ ਅਤੇ ਸਥਾਈ ਮੇਲ-ਮਿਲਾਪ ਪ੍ਰਤੀ ਵਚਨਬੱਧਤਾ ਦਰਸਾਉਂਦਾ ਹੈ, ਅਤੇ ਮੂਲਵਾਸੀ ਲੋਕਾਂ ਦੀਆਂ ਪਹਿਲ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਜਲਦੀ ਕੰਮ ਕਰਨ ਦੀ ਇੱਛਾ ਨੂੰ ਦਰਸਾਉਂਦਾ ਹੈ।

ਹੇਠ ਲਿਖੀਆਂ ਚੀਜ਼ਾਂ Declaration Act ਦੀ ਉਮੀਦ ਵਿਚ ਪਿਛਲੇ ਦੋ ਸਾਲਾਂ ਤੋਂ ਸਰਕਾਰ ਵੱਲੋਂ ਕੀਤੇ ਜਾ ਰਹੇ ਕੁਝ ਮਹੱਤਵਪੂਰਨ ਕੰਮਾਂ ਦੀ ਵੰਨਗੀ ਹਨ:

### ਬੱਚੇ ਦੀ ਸੁਰੱਖਿਆ ਪ੍ਰਣਾਲੀ (child protection system) ਨੂੰ ਠੀਕ ਕਰਨਾ:

ਕੋਈ ਵੀ ਬੱਚੇ ਨੂੰ ਨੁਕਸਾਨ ਪਹੁੰਚਦੇ ਨਹੀਂ ਦੇਖਣਾ ਚਾਹੁੰਦਾ। ਅਤੇ ਕੋਈ ਵੀ ਨਹੀਂ ਚਾਹੁੰਦਾ ਕਿ ਉਹਨਾਂ ਦੇ ਬੱਚੇ ਨੂੰ ਆਪਣੇ ਪਰਿਵਾਰ ਤੋਂ ਬਿਨ੍ਹਾਂ ਕਿਸੇ ਕਾਰਨ ਜੁਦਾ ਕੀਤਾ ਜਾਵੇ। ਮੂਲਵਾਸੀ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਅਤੇ ਭਾਈਚਾਰਿਆਂ ਤੋਂ ਦੂਰ ਲਿਜਾਣ ਨਾਲ ਹੋਣ ਵਾਲੇ ਮਹੱਤਵਪੂਰਣ ਸਭਿਆਚਾਰਕ ਨੁਕਸਾਨਾਂ ਦੇ ਕਾਰਨ, ਸੂਬਾ ਜਲਦੀ ਹੀ ਸੂਬੇ ਦੀ ਦੇਖ-ਰੇਖ ਵਿਚ ਮੂਲਵਾਸੀ ਬੱਚਿਆਂ ਦੀ ਵਧੇਰੇ ਨੁਮਾਇੰਦਗੀ ਨੂੰ ਹੱਲ ਕਰਨ ਲਈ ਕੰਮ ਕਰ ਰਿਹਾ ਹੈ।

ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਅਤੇ ਭਾਈਚਾਰਿਆਂ ਵਿੱਚ ਰੱਖਣ ਲਈ, ਸਰਕਾਰ ਨੇ ਸਾਰੇ ਪਾਲਣ ਪੋਸ਼ਣ ਵਾਲੇ ਮਾਪਿਆਂ ਨੂੰ ਦਿੱਤੇ ਸਮਰਥਨ ਨਾਲ ਮੇਲ ਕਰਨ ਲਈ ਨਜ਼ਦੀਕੀ ਪਰਿਵਾਰਕ ਮੈਂਬਰਾਂ ਦੀਆਂ ਸਹਾਇਤਾ ਅਦਾਇਗੀਆਂ ਵਿੱਚ ਵਾਧਾ ਕੀਤਾ। ਕਿਉਂਕਿ ਵਧੇਰੇ ਮੂਲਵਾਸੀ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਅਤੇ ਭਾਈਚਾਰਿਆਂ ਤੋਂ ਹੀ ਸਹਾਇਤਾ ਮਿਲ ਰਹੀ ਹੈ, ਬੀ ਸੀ ਕੋਲ ਦੇਖਭਾਲ ਵਿੱਚਲੇ ਬੱਚਿਆਂ ਅਤੇ ਜਵਾਨਾਂ ਦੀ ਪਿਛਲੇ 30 ਸਾਲਾਂ ਵਿੱਚੋਂ ਹੁਣ ਸਭ ਤੋਂ ਘੱਟ ਗਿਣਤੀ ਹੈ ਅਤੇ 2014 ਤੋਂ ਬਾਅਦ ਦੇਖਭਾਲ ਵਿੱਚ ਮੂਲਵਾਸੀ ਬੱਚਿਆਂ ਦੀ ਗਿਣਤੀ ਸਭ ਤੋਂ ਘੱਟ ਹੈ। ਫਿਰ ਵੀ, ਇਹ ਸਰਕਾਰ ਜਾਣਦੀ ਹੈ ਕਿ ਹੋਰ ਵੀ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ।

ਮੂਲਵਾਸੀ ਬੱਚਿਆਂ ਨੂੰ ਦੇਖਭਾਲ ਤੋਂ ਬਾਹਰ ਰੱਖਣ ਲਈ ਸਰਕਾਰ ਇੱਕ ਮਹੱਤਵਪੂਰਨ ਤਰੀਕੇ ਨਾਲ ਕੰਮ ਕਰ ਰਹੀ ਹੈ, "ਜਨਮ ਅਲਰਟ" ਜਾਰੀ ਕਰਨ ਦੀ ਪ੍ਰਥਾ ਨੂੰ ਖਤਮ ਕਰਨਾ ਜਿਸ ਵਿੱਚ ਬੱਚਿਆਂ ਨੂੰ

ਉਨ੍ਹਾਂ ਦੇ ਮਾਪਿਆਂ ਤੋਂ ਸਹਿਮਤੀ ਤੋਂ ਬਿਨ੍ਹਾਂ ਸੇਵਾ ਪ੍ਰਦਾਤਾ ਦੁਆਰਾ ਬੱਚਿਆਂ ਦੀ ਸੁਰੱਖਿਆ ਸੰਬੰਧੀ ਚਿੰਤਾਵਾਂ ਕਾਰਨ ਵੱਖ ਕਰ ਦਿੱਤਾ ਜਾਂਦਾ ਸੀ।

ਬੱਚਿਆਂ ਨੂੰ ਦੂਰ ਲਿਜਾਣ ਦੀ ਬਜਾਏ ਕਿਉਂਕਿ ਪਰਿਵਾਰਾਂ ਨੂੰ ਸਹਾਇਤਾ ਦੀ ਜ਼ਰੂਰਤ ਹੈ, ਇਸ ਨਵੀਂ ਸਾਂਝੇਦਾਰੀ ਪਹੁੰਚ ਵਿਚ ਸੇਵਾ ਪ੍ਰਦਾਤਾ ਸ਼ਾਮਲ ਹੁੰਦੇ ਹਨ ਜੋ ਮਾਪਿਆਂ ਨਾਲ ਮਿਲ ਕੇ ਕੰਮ ਕਰਦੇ ਹਨ ਅਤੇ ਉਹ ਸਹਾਇਤਾ ਪ੍ਰਦਾਨ ਕਰਦੇ ਹਨ ਜੋ ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਸਿਹਤਮੰਦ ਸ਼ੁਰੂਆਤ ਕਰਨ ਲਈ ਦੇਣੀ ਜ਼ਰੂਰੀ ਹੁੰਦੀ ਹੈ।

ਬੀ ਸੀ ਦੀ ਦੇਖਭਾਲ ਪ੍ਰਣਾਲੀ ਵਿੱਚ ਮੂਲਵਾਸੀ ਬੱਚਿਆਂ ਅਤੇ ਨੌਜਵਾਨਾਂ ਦੀ ਨਿਰੰਤਰ ਪ੍ਰਤੀਨਿਧਤਾ ਵਿਸ਼ੇਸ ਰੂਪ ਵਿੱਚ ਮਹਤੱਵਪੂਰਣ ਸਰਕਾਰੀ ਦੇਖਭਾਲ ਤੋਂ ਬਾਹਰ ਬੱਚਿਆਂ ਅਤੇ ਨੌਜਵਾਨਾਂ ਦਾ ਸਮਰਥਨ ਕਰਦੀ ਹੈ। ਇਸੇ ਕਰਕੇ ਸਰਕਾਰ ਨੇ ਆਪਣੇ ਪਹਿਲੇ ਕਾਰਜ ਦੇ ਰੂਪ ਵਿੱਚ ਸਾਰੀਆਂ ਜਨਤਕ ਪੋਸਟ ਸੈਕਡੰਰੀ ਸੰਸਥਾਵਾਂ ਦੀ ਦੇਖਭਾਲ ਵਿੱਚ ਸਾਬਕਾ ਬੱਚਿਆਂ ਅਤੇ ਨੌਜਵਾਨਾਂ ਲਈ ਟਿਊਸ਼ਨ ਫੀਸ ਦਾ ਵਿਸਤਾਰ ਕੀਤਾ। ਕਈ ਵਪਾਰ ਟਰੇਨਿੰਗ ਪ੍ਰਗਰਾਮਾਂ ਵਿੱਚ ਨਿਵੇਸ਼ ਕਰਨ ਅਤੇ ਦੇਖਭਾਲ ਵਿਚਲੇ ਸਾਬਕਾ ਨੌਜਵਾਨਾਂ ਨੂੰ ਮਿਲਣ ਵਾਲੀ ਵਿੱਤੀ ਸਹਾਇਤਾ ਨੂੰ ਵਧਾਉਣ ਅਤੇ ਸੁਧਾਰਨ ਨਾਲ, ਤਾਂ ਜੋ ਉਹ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਤ ਕਰ ਸਕਣ, ਇਹਨਾਂ ਦਾ ਵਿਸਥਾਰ ਹੋਇਆ ਹੈ। ਬਜਟ 2020 ਟਿਊਸ਼ਨ ਮੁਆਫੀ ਲਈ ਯੋਗਤਾ ਪੂਰੀ ਕਰਨ ਵਾਲੇ ਵਧੇਰੇ ਨੌਜਵਾਨਾਂ ਨੂੰ ਇਹ ਮਹੱਤਵਪੂਰਨ ਵਿੱਤੀ ਸਹਾਇਤਾ ਪ੍ਰਦਾਨ ਕਰਕੇ ਇਸ ਪਹਿਲਕਦਮੀ ਦਾ ਨਿਰਮਾਣ ਕਰਨਾ ਜਾਰੀ ਰੱਖਦਾ ਹੈ।

ਸੂਬਾ ਹੁਣ ਦੇਖਭਾਲ ਵਿਚ 1,100 ਤੋਂ ਵੱਧ ਸਾਬਕਾ ਨੌਜਵਾਨਾਂ ਨੂੰ ਮਾਨਤਾ ਦਿੰਦਾ ਹੈ ਅਤੇ ਉਨ੍ਹਾਂ ਦਾ ਸਨਮਾਨ ਕਰਦਾ ਹੈ ਜੋ ਹੁਣ ਟਿਊਸ਼ਨ ਮੁਕਤ ਪੋਸਟ ਸੈਕੰਡਰੀ ਵਿਦਿਆ ਪ੍ਰਾਪਤ ਕਰ ਰਹੇ ਹਨ ਜਾਂ ਵਪਾਰ ਸਿਖਲਾਈ ਲੈ ਰਹੇ ਹਨ ਅਤੇ ਇਕ ਉੱਜਵਲ ਭਵਿੱਖ ਦੇ ਰਾਹ 'ਤੇ ਚੱਲਣਾ ਸ਼ੁਰੂ ਕਰ ਰਹੇ ਹਨ।

**ਮੂਲਵਾਸੀ ਸਿਹਤ ਅਤੇ ਇਲਾਜ ਦਾ ਸਮਰਥਨ ਕਰਨਾ:**

ਮੂਲਵਾਸੀ ਲੋਕਾਂ ਦੀ ਸਿਹਤ ਅਤੇ ਸਿਹਤ ਦਾ ਸਮਰਥਨ ਕਰਨਾ ਮੂਲਵਾਸੀ ਪਰਿਵਾਰਾਂ ਦੀ ਭਲਾਈ ਲਈ ਮਹੱਤਵਪੂਰਨ ਹੈ.

ਫਸਟ ਨੇਸ਼ਨਜ਼ ਹੈਲਥ ਅਥਾਰਟੀ ਦੀ ਭਾਈਵਾਲੀ ਵਿਚ, ਸਰਕਾਰ ਨੇ ਦੋ ਨਵੇਂ ਸ਼ਹਿਰੀ ਮੂਲਵਾਸੀ ਇਲਾਜ ਕੇਂਦਰ ਬਣਾਉਣ ਅਤੇ ਪੇਂਡੂ ਭਾਈਚਾਰਿਆਂ ਵਿਚ ਛੇ ਹੋਰ ਦਾ ਪੁਨਰ ਨਿਰਮਾਣ ਜਾਂ ਮੁਰੰਮਤ ਕਰਨ ਲਈ $40 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਹੈ। ਇਸਨੇ ਵੈਨਕੂਵਰ ਵਿਚ ਕਿਲਾਲਾ ਲੇਲਮ ਅਰਬਨ ਇੰਗਿਨੀਅਸ ਹੈਲਥ ਐਂਡ ਹੀਲਿੰਗ ਕੋਆਪਰੇਟਿਵ ਨੂੰ ਫੰਡਾਂ ਵਿਚ ਸਹਾਇਤਾ ਕੀਤੀ ਹੈ, ਜੋ ਬੀ ਸੀ ਵਿਚ ਆਪਣੀ ਕਿਸਮ ਦਾ ਪਹਿਲਾ ਹੈ, ਜਿਸਨੂੰ ਮੂਲਵਾਸੀ ਅਤੇ ਪੱਛਮੀ ਦਵਾਈ ਅਤੇ ਇਲਾਜ ਦੇ ਅਭਿਆਸ ਵਿਚ ਮੂਲਵਾਸੀ ਬਜ਼ੁਰਗਾਂ ਦੁਆਰਾ ਚਲਾਇਆ ਜਾਂਦਾ ਹੈ।

ਇਹ ਮੰਨਦਿਆਂ ਕਿ ਬਹੁਤ ਜ਼ਿਆਦਾ ਓਵਰਡੋਜ਼ ਸੰਕਟ ਨਾਲ ਮੂਲਵਾਸੀ ਲੋਕਾਂ ਨੂੰ ਅਸੰਭਾਵਿਤ ਤੌਰ 'ਤੇ ਨੁਕਸਾਨ ਪਹੁੰਚਿਆ ਹੈ, ਸਰਕਾਰ ਨੇ ਇਸ ਸੰਕਟ ਨਾਲ ਨਿਪਟਣ ਲਈ ਫਸਟ ਨੇਸ਼ਨਜ਼ ਭਾਈਚਾਰਿਆਂ ਅਤੇ ਮੂਲਵਾਸੀ ਲੋਕਾਂ ਨੂੰ ਸਹਿਯੋਗ ਦੇਣ ਲਈ ਤਿੰਨ ਸਾਲਾਂ ਵਿੱਚ $20 ਮਿਲੀਅਨ ਨਿਵੇਸ਼ ਵਾਸਤੇ ਫਸਟ ਨੇਸ਼ਨਜ਼ ਹੈਲਥ ਅਥੌਰਟੀ ਅਤੇ ਫਰੈਂਡਸ਼ਿੱਪ ਸੈਂਟਰ ਨਾਲ ਸਾਂਝੇਦਾਰੀ ਕੀਤੀ।ਇਸ ਪ੍ਰੋਗਰਾਮ ਦੇ ਤਹਿਤ 55 ਗਰਾਂਟਾਂ ਪ੍ਰਦਾਨ ਕੀਤੀਆਂ ਗਈਆਂ ਹਨ।

**ਕੇ –12 ਵਿਦਿਆ ਨੂੰ ਵਧੇਰੇ ਪਹੁੰਚਯੋਗ ਅਤੇ ਮੂਲਵਾਸੀ ਅਨੁਭਵਾਂ ਦਾ ਪ੍ਰਤੀਬਿੰਬਿਤ ਬਣਾਉਣਾ:**

ਬਹੁਤ ਲੰਬੇ ਸਮੇਂ ਤੋਂ, ਬਹੁਤ ਸਾਰੇ ਮੂਲਵਾਸੀ ਬੱਚਿਆਂ ਅਤੇ ਨੌਜਵਾਨਾਂ ਨੂੰ ਇੱਕ ਸਿੱਖਿਆ ਸਿਸਟਮ ਦੁਆਰਾ ਪਿੱਛੇ ਛੱਡਿਆ ਗਿਆ ਜਿਸਨੇ ਮੂਲਵਾਸੀ ਸਿੱਖਿਆਵਾਂ ਅਤੇ ਦ੍ਰਿਸ਼ਟੀਕੋਣ ਸ਼ਾਮਲ ਨਹੀਂ ਕੀਤੇ ਜਾਂ ਮੂਲਵਾਸੀ ਲੋਕਾਂ ਦੀਆਂ ਜੀਵਿਤ ਸੱਚਾਈਆਂ ਨੂੰ ਪ੍ਰਦਰਸ਼ਿਤ ਨਹੀਂ ਕੀਤਾ।

ਇਸ ਰੁਝਾਨ ਨੂੰ ਉਲਟਾਉਣ ਵਿਚ ਸਹਾਇਤਾ ਲਈ, ਸਰਕਾਰ ਨੇ ਫਸਟ ਨੇਸ਼ਨਜ਼ ਐਜੂਕੇਸ਼ਨਜ਼ ਸਟੀਅਰਿੰਗ ਕਮੇਟੀ (First Nations Educations Steering Committee) ਅਤੇ ਫਸਟ ਨੇਸ਼ਨਜ਼ ਸਕੂਲ ਐਸੋਸੀਏਸ਼ਨ (First Nations Schools Association) ਨਾਲ ਮਿਲ ਕੇ ਇਕ ਸਹਿਯੋਗੀ ਤਿਮਾਹੀ ਸਮਝੌਤਾ ਪੇਸ਼ ਕਰਨ ਲਈ ਕੰਮ ਕੀਤਾ, ਜੋ ਫਸਟ ਨੇਸ਼ਨਜ਼ ਦੇ ਵਿਦਿਆਰਥੀਆਂ ਲਈ ਇਕ ਬਰਾਬਰ ਸਿੱਖਿਆ ਨੂੰ ਯਕੀਨੀ ਬਣਾਉਂਦਾ ਹੈ, ਭਾਵੇਂ ਉਹ ਜਿੱਥੇ ਵੀ ਰਹਿੰਦੇ ਹੋਣ।

ਇਹ $100-ਮਿਲੀਅਨ, ਪੰਜ-ਸਾਲਾ ਸਮਝੌਤਾ ਬੀ.ਸੀ. ਵਿੱਚ ਫਸਟ ਨੇਸ਼ਨਜ਼ ਵਿਦਿਆਰਥੀਆਂ ਨੂੰ ਸਹਿਯੋਗ ਦਿੰਦਾ ਹੈ, ਜੋ ਔਨ ਰਿਜ਼ਰਵ ਫਸਟ ਨੇਸ਼ਨਜ਼ ਸਕੂਲ ਜਾਂ ਔਫ-ਰਿਜ਼ਰਵ ਪਬਲਿਕ ਜਾਂ ਸੁਤੰਤਰ ਸਕੂਲ ਗਏ।

ਮੂਲਵਾਸੀ ਵਿਦਿਆਰਥੀਆਂ ਦੀ ਸਖਤ ਮਿਹਨਤ, ਨਵੇਂ ਨਿਵੇਸ਼ਾਂ ਅਤੇ ਇੱਕ ਨਵੇਂ ਪਾਠਕ੍ਰਮ ਦਾ ਧੰਨਵਾਦ ਜੋ ਮੂਲਵਾਸੀ ਗਿਆਨ, ਪਰਿਪੇਖਾਂ ਅਤੇ ਤਜ਼ਰਬਿਆਂ ਨੂੰ ਬਿਹਤਰ ਢੰਗ ਨਾਲ ਪ੍ਰਦਰਸ਼ਿਤ ਕਰਦਾ ਹੈ, ਬੀ ਸੀ ਦੇ ਮੂਲਵਾਸੀ ਵਿਦਿਆਰਥੀ ਇਤਿਹਾਸ ਦੀ ਸਭ ਤੋਂ ਉੱਚੀ ਦਰ 'ਤੇ ਸੈਕੰਡਰੀ ਸਕੂਲ ਪੂਰਾ ਕਰ ਰਹੇ ਹਨ, ਜਿਸ ਵਿੱਚੋਂ 70% ਨੇ ਪਿਛਲੇ ਸਾਲ ਸੈਕੰਡਰੀ ਸਕੂਲ ਪੂਰਾ ਕਰ ਲਿਆ ਸੀ। ਫਿਰ ਵੀ ਟੀਚਾ ਹਰ ਵਿਦਿਆਰਥੀ ਨੂੰ ਬੀ ਸੀ ਵਿੱਚ ਸਫਲ ਹੁੰਦੇ ਦੇਖਣਾ ਹੈ, ਸੋ ਅਜੇ ਬਹੁਤ ਕੰਮ ਕਰਨਾ ਬਾਕੀ ਹੈ।

ਇਸ ਟੀਚੇ 'ਤੇ ਪਹੁੰਚਣ ਲਈ, ਸਰਕਾਰ ਮੂਲਵਾਸੀ ਵਿਦਿਆਰਥੀਆਂ ਲਈ ਸਿੱਖਿਆ ਨੂੰ ਬਿਹਤਰ ਬਣਾਉਣ ਲਈ ਕੰਮ ਕਰਨਾ ਜਾਰੀ ਰੱਖ ਰਹੀ ਹੈ, ਨਵੇਂ ਮੂਲਵਾਸੀ ਅਧਿਆਪਕ ਸਿੱਖਿਆ ਸਿਖਲਾਈ ਦੀਆਂ ਥਾਵਾਂ, ਸਿੱਖਿਆ ਸਮੂਹਾਂ ਦੇ ਦੋ ਨਵੇਂ ਮਾਸਟਰ ਅਤੇ ਪਬਲਿਕ-ਟੀਚਰ ਐਜੂਕੇਸ਼ਨ ਪ੍ਰੋਗਰਾਮਾਂ ਨੂੰ ਫੰਡਿੰਗ ਦੇ ਕੇ, ਤਾਂ ਕਿ ਸਕੂਲਾਂ ਵਿਚ ਅਧਿਆਪਕ ਮੂਲਵਾਸੀ ਸਿਖਿਆਰਥੀਆਂ ਦੀ ਸਹਾਇਤਾ ਲਈ ਵਧੀਆ ਉਪਕਰਣਾਂ ਨਾਲ ਤਿਆਰ ਹੋਣ। ਇਕ ਨਵਾਂ ਪੇਸ਼ੇਵਰ ਮਿਆਰ ਲਿਆਉਣ ਨਾਲ, ਜੋ

ਅਧਿਆਪਕਾਂ ਨੂੰ ਸੱਚਾਈ, ਮੇਲ ਮਿਲਾਪ ਅਤੇ ਇਲਾਜ ਪ੍ਰਤੀ ਵਚਨਬੱਧ ਹੋਣ ਲਈ ਜ਼ਰੂਰੀ ਹੈ, ਬੀ ਸੀ ਵਿਚ ਮੂਲਵਾਸੀ ਵਿਦਿਆਰਥੀਆਂ ਦੀ ਬਿਹਤਰੀ ਲਈ ਸਰਕਾਰ ਨੇ ਵੀ ਕਦਮ ਚੁੱਕੇ ਹਨ।

ਬੀ ਸੀ ਨੇ ਵਧੇਰੇ ਵਿਕਾਸ ਦੇ ਨਾਲ, 17 ਫਸਟ ਨੇਸ਼ਨਜ਼ ਭਾਸ਼ਾ ਦੇ ਪਾਠਕ੍ਰਮ ਬਣਾਉਣ ਲਈ ਵੀ ਫੰਡ ਦਿੱਤੇ ਹਨ, ਅਤੇ ਮੂਲਵਾਸੀ ਭਾਸ਼ਾਵਾਂ ਵਿਚ ਪੂਰੇ ਕੋਰਸ ਕਰਾਉਣ ਲਈ ਵੀ ਵਚਨਬੱਧ ਹੈ। ਦੇਸ਼ ਦੇ ਕਿਸੇ ਵੀ ਹੋਰ ਸੂਬੇ ਨਾਲੋਂ ਬ੍ਰਿਟਿਸ਼ ਕੋਲੰਬੀਆ ਵਿੱਚ ਵਧੇਰੇ ਮੂਲਵਾਸੀ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਨ੍ਹਾਂ ਦੇ ਬਚਾਅ ਅਤੇ ਪੁਨਰ-ਸੁਰਜੀਤੀ ਦੇ ਸਮਰਥਨ ਲਈ ਆਪਣਾ ਹਿੱਸਾ ਪਾਵੇ।

ਕਮਜ਼ੋਰ ਕਾਰਕਾਂ ਨੂੰ ਹੱਲ ਕਰਨ ਦੇ ਹਿੱਸੇ ਵਜੋਂ ਜਿਸ ਨਾਲ ਮੂਲਵਾਸੀ ਬੱਚੇ ਸਕੂਲ ਪ੍ਰਣਾਲੀ ਵਿੱਚ ਸੰਘਰਸ਼ ਕਰਦੇ ਹਨ, ਸਰਕਾਰ ਸੂਬੇ ਵਿੱਚ 30 ਤੋਂ ਵੱਧ ਭਾਈਚਾਰਿਆਂ ਵਿੱਚ ਹੈੱਡ ਸਟਾਰਟ ਪ੍ਰੋਗਰਾਮ ਨੂੰ ਵਧਾਉਣ ਲਈ ਤਿੰਨ ਸਾਲਾਂ ਵਿੱਚ $30 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਹੀ ਹੈ। ਹੈਡ ਸਟਾਰਟ ਸਭਿਆਚਾਰਕ ਤੌਰ 'ਤੇ ਖਾਸ ਸ਼ੁਰੂਆਤੀ-ਸਿਖਲਾਈ, ਬੱਚਿਆਂ ਦੀ ਦੇਖਭਾਲ ਅਤੇ ਪਾਲਣ ਪੋਸ਼ਣ ਦੇ ਪ੍ਰੋਗਰਾਮ ਪੇਸ਼ ਕਰਦਾ ਹੈ, ਜਿਸ ਨਾਲ ਬਿਨਾਂ ਕਿਸੇ ਕੀਮਤ ਦੇ ਪਰਿਵਾਰਾਂ ਨੂੰ ਸੇਵਾਵਾਂ ਉਪਲਬੱਧ ਹੁੰਦੀਆਂ ਹਨ।

ਇਹ ਨਿਵੇਸ਼ ਕਮਜ਼ੋਰ ਸਿਖਿਆਰਥੀਆਂ ਲਈ ਬਜਟ 2020 ਵਿੱਚ ਨਵੀਂ ਫੰਡਿੰਗ ਤੋਂ ਇਲਾਵਾ, ਹੋਰ ਮੂਲਵਾਸੀ ਵਿਦਿਆਰਥੀਆਂ ਨੂੰ ਆਪਣੇ ਸਾਥੀਆਂ ਨਾਲ ਗ੍ਰੈਜੂਏਟ ਕਰਨ ਵਿੱਚ ਸਹਾਇਤਾ ਕਰੇਗਾ।

**ਮੌਕਿਆਂ ਲਈ ਦਰਵਾਜ਼ੇ ਖੋਲ੍ਹਣੇ**

ਮੂਲਵਾਸੀ ਵਿਦਿਆਰਥੀਆਂ ਨੂੰ ਬੀ ਸੀ ਦੇ ਪੋਸਟ ਸੈਕੰਡਰੀ ਅਦਾਰਿਆਂ ਵਿਚ ਉਨ੍ਹਾਂ ਲਈ ਅੱਗੇ ਵਧਣ ਦਾ ਰਸਤਾ ਅਤੇ ਕਾਰਜਬਲ ਵਿਚ ਸਫਲ ਹੋਣ ਦਾ ਤਰੀਕਾ ਵੇਖਣ ਦੀ ਜ਼ਰੂਰਤ ਹੈ।

ਮੂਲਵਾਸੀ ਵਿਦਿਆਰਥੀਆਂ ਦੀਆਂ ਜਰੂਰਤਾਂ ਨੂੰ ਬਿਹਤਰ ਢੰਗ ਨਾਲ ਦਰਸਾਉਣ ਲਈ ਸਰਕਾਰ First Nations Education Steering Committee, Indigenous Adult and Higher Learning Association, Métis Nation British Columbia, British Columbia Aboriginal Training Employment Alliance ਅਤੇ ਹੋਰ ਮੂਲਵਾਸੀ ਪੋਸਟ-ਸੈਕੰਡਰੀ ਸਾਂਝੇਦਾਰਾਂ ਨਾਲ ਇੱਕ ਨਵੀਂ ਮੂਲਵਾਸੀ ਪੋਸਟ ਸੈਕੰਡਰੀ ਸਿੱਖਿਆ ਅਤੇ ਸਿਖਲਾਈ ਰਣਨੀਤੀ ਅਤੇ ਮੂਲਵਾਸੀ ਹੁਨਰ ਸਿਖਲਾਈ ਪ੍ਰੋਗਰਾਮਿੰਗ ਨੂੰ ਸਹਿ-ਵਿਕਸਤ ਕਰ ਰਹੀ ਹੈ।

ਮੂਲਵਾਸੀ ਲੋਕਾਂ ਨੂੰ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਤਕ ਪਹੁੰਚਣ ਵਿੱਚ ਸਹਾਇਤਾ ਕਰਨ ਦੇ ਹਿੱਸੇ ਵਜੋਂ, ਸਰਕਾਰ ਮੂਲਵਾਸੀ ਭਾਈਚਾਰਿਆਂ ਵਿੱਚ ਐਬੋਰਿਜਨਲ ਕਮਿਊਨਟੀ-ਬੇਸਡ ਟ੍ਰੇਨਿੰਗ ਪਾਰਟਨਰਸ਼ਿਪ ਪ੍ਰੋਗਰਾਮ, ਕਮਿਊਨਟੀ ਵਰਕਫੋਰਸ ਰਿਸਪੋਂਸ ਗਰਾਂਟ ਅਤੇ ਇੰਨਡੀਗਨੀਅਸ ਸਕਿੱਲਜ਼

ਟਰੇਨਿੰਗ ਡਿਵੈਲਪਮੈਂਟ ਫੰਡ ਦੁਆਰਾ ਇੱਕ ਸਾਲ ਵਿੱਚ $24 ਮਿਲੀਅਨ ਡਾਲਰ ਤੋਂ ਵੱਧ ਦੀ ਨੌਕਰੀ ਦੇ ਰਹੀ ਹੈ।

ਸਥਾਨਕ ਭਾਈਚਾਰਿਆਂ ਵਿੱਚ ਨੌਕਰੀਆਂ ਰੱਖਣ ਲਈ ਕਮਿਊਨਟੀ ਬੈਨੀਫਿਟ ਸਮਝੌਤੇ ਵਰਤੇ ਜਾ ਰਹੇ ਹਨ, ਅਤੇ ਸਰਕਾਰੀ ਨਿਵੇਸ਼ਾਂ ਨੂੰ ਮੂਲਵਾਸੀ ਲੋਕਾਂ ਅਤੇ ਹੋਰਨਾਂ ਨੂੰ ਪਹਿਲ ਦੇ ਅਧਾਰ ਤੇ ਸਿਖਲਾਈ ਪ੍ਰਾਪਤ ਕਰਨ, ਹੁਨਰਾਂ ਦੀ ਸਿਖਲਾਈ ਅਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਇੱਕ ਅਵਸਰ ਵਜੋਂ ਵਰਤਿਆ ਜਾ ਰਿਹਾ ਹੈ ਜਿਨ੍ਹਾਂ ਨੂੰ ਮੌਕਿਆਂ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਪ੍ਰਤੀਨਿੱਧਤਵ ਮਾਇਨੇ ਰੱਖਦਾ ਹੈ। ਇਸੇ ਲਈ ਸਰਕਾਰ ਨੇ ਇਹ ਸੁਨਿਸ਼ਚਿਤ ਕੀਤਾ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿਚ ਪਬਲਿਕ ਪੋਸਟ ਸੈਕੰਡਰੀ ਅਦਾਰਿਆਂ ਦੇ ਬੋਰਡ ਆਫ ਡਾਇਰੈਕਟਰਾਂ ਵਿਚ ਮੂਲਵਾਸੀਆਂ ਦੀ ਨੁਮਾਇੰਦਗੀ ਹੋਵੇ।

Truth and Reconciliation Commission ਵੱਲੋਂ ਕਾਲ ਟੂ ਐਕਸ਼ਨ ਦੇ ਅਨੁਸਾਰ, ਸਰਕਾਰ ਨੇ ਵਿਕਟੋਰੀਆ ਯੂਨੀਵਰਸਿਟੀ ਵਿਖੇ ਕੈਨੇਡਾ ਦਾ ਪਹਿਲਾ ਮੂਲਵਾਸੀ ਕਾਨੂੰਨ ਪ੍ਰੋਗਰਾਮ ਬਣਾਉਣ ਲਈ ਫੰਡ ਦਿੱਤਾ, ਜੋ ਹੁਣ ਮੂਲਵਾਸੀ ਅਤੇ ਗੈਰ ਮੂਲਵਾਸੀ ਦੋਵਾਂ ਕਾਨੂੰਨਾਂ ਦਾ ਗਹਿਰਾਈ ਨਾਲ ਅਧਿਐਨ ਕਰ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਦੋਨੋ ਖੇਤਰਾਂ ਵਿੱਚ ਕੰਮ ਕਰਨ ਦੀ ਆਗਿਆ ਮਿਲ ਰਹੀ ਹੈ। ਸਰਕਾਰ ਨਵੀਂ ਮੂਲਵਾਸੀ ਭਾਸ਼ਾ ਦੇ ਪ੍ਰਵਾਹ ਦੀ ਡਿਗਰੀ ਲਈ ਪਾਇਲਟ ਨੂੰ ਫੰਡ ਵੀ ਦੇ ਰਹੀ ਹੈ।

## ਮੂਲਵਾਸੀ ਭਾਸ਼ਾਵਾਂ ਦੀ ਪੁਨਰ-ਸੁਰਜੀਤੀ ਦਾ ਸਮਰਥਨ ਕਰਨਾ

ਬਹੁਤ ਲੰਬੇ ਸਮੇਂ ਤੋਂ, ਭਾਸ਼ਾ ਦੇ ਪੁਨਰ-ਉਥਾਨ ਦੀ ਅਣਦੇਖੀ ਕੀਤੀ ਗਈ ਅਤੇ ਬੀ ਸੀ ਵਿੱਚ ਸਾਰੀਆਂ ਮੂਲਵਾਸੀ ਭਾਸ਼ਾਵਾਂ ਖ਼ਤਰੇ ਵਿਚ ਹਨ। ਭਾਈਚਾਰੇ ਭਾਸ਼ਾ ਅਤੇ ਸਭਿਆਚਾਰ ਸੰਬੰਧੀ ਜਿਹਨਾਂ ਚੁਨੌਤੀਆਂ ਦਾ ਸਾਹਮਣਾ ਕਰ ਰਹੇ ਹਨ, ਉਹ ਪ੍ਰਣਾਲੀਵਾਦੀ ਹਨ ਅਤੇ ਬਸਤੀਵਾਦੀ ਅਭਿਆਸਾਂ ’ਤੇ ਅਧਾਰਿਤ ਹਨ ਜਿਸਦਾ ਉਦੇਸ਼ ਰਿਹਾਇਸ਼ੀ ਸਕੂਲ ਪ੍ਰਣਾਲਿ ਸਮੇਤ ਮੂਲਵਾਸੀ ਸਭਿਆਚਾਰ ਦੇ ਖਾਤਮੇ ਲਈ ਹੈ। ਮੂਲਵਾਸੀ ਭਾਸ਼ਾਵਾਂ ਅਤੇ ਸਭਿਆਚਾਰ ਵਿੱਚ ਨਿਵੇਸ਼ ਕਰਕੇ ਸੂਬਾ ਭਾਈਚਾਰਕ ਪੱਧਰ 'ਤੇ ਉਨ੍ਹਾਂ ਪ੍ਰਣਾਲੀਗਤ ਸਮਾਜਿਕ ਚੁਣੌਤੀਆਂ ਦਾ ਹੱਲ ਕਰਨਾ ਸ਼ੁਰੂ ਕਰ ਰਿਹਾ ਹੈ ਅਤੇ ਲੋਕਾਂ ਨੂੰ ਉਨ੍ਹਾਂ ਦੇ ਭਾਈਚਾਰਿਆਂ, ਜ਼ਮੀਨਾਂ ਅਤੇ ਸਭਿਆਚਾਰਾਂ ਨਾਲ ਜੋੜ ਰਿਹਾ ਹੈ।

ਮੂਲਵਾਸੀ ਅਗਵਾਈ ਵਾਲੀ ਫਸਟ ਪੀਪਲਜ਼ ਕਲਚਰਲ ਕੌਂਸਲ ਦੁਆਰਾ $50 ਮਿਲੀਅਨ ਡਾਲਰ ਦੀ ਸੂਬਾਈ ਫੰਡਿੰਗ ਭਾਈਚਾਰਿਆਂ ਅਤੇ ਲੋਕਾਂ ਨੂੰ ਉਹਨਾਂ ਦੀ ਭਾਸ਼ਾ ਅਤੇ ਸਭਿਆਚਾਰ ਨਾਲ ਜੁੜੇ ਸੰਬੰਧਾਂ ਨੂੰ ਮੁੜ ਪ੍ਰਾਪਤ ਕਰਨ ਵਿੱਚ ਸਹਾਇਤਾ ਕਰ ਰਹੀ ਹੈ। ਇਸ ਫੰਡਿੰਗ ਨਾਲ, ਕੌਂਸਲ ਨੇ ਭਾਸ਼ਾ ਪੁਨਰ ਸੁਰਜੀਤੀ ਦੇ ਸਮਰਥਨ ਲਈ ਭਾਈਚਾਰਕ ਭਾਸ਼ਾ ਅਨੁਦਾਨਾਂ ਦੀ ਗਿਣਤੀ ਦੁੱਗਣੀ ਕਰ ਦਿੱਤੀ ਹੈ, ਇਸ ਵਿੱਚ 2018 ਤੋਂ ਬਾਅਦ ਫਸਟ ਨੇਸ਼ਨਜ਼ ਨੂੰ $16 ਮਿਲੀਅਨ ਡਾਲਰ ਤੋਂ ਵੱਧ ਦੀ ਗ੍ਰਾਂਟ ਵੰਡੀ ਗਈ।

ਕੌਂਸਲ ਹੁਣ 30 ਤੋਂ ਵੀ ਵੱਧ ਭਾਸ਼ਾਵਾਂ ਦਾ ਸਮਰਥਨ ਕਰ ਰਹੀ ਹੈ, ਜਿਹੜੀ ਪ੍ਰੀ ਸਕੂਲ-ਉਮਰ ਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਅਤੇ 100-ਤੋਂ ਵੱਧ ਸਲਾਹਕਾਰ ਐਪਰੈਂਟਿਸ ਟੀਮਾਂ ਨੂੰ ਫਸਟ ਨੇਸ਼ਨਜ਼ ਦੀਆਂ ਭਾਸ਼ਾਵਾਂ ਵਿਚ ਨਿਪੁੰਨ ਬਨਣ ਲਈ ਸੱਭਿਆਚਾਰਕ ਵਾਤਾਵਰਣ ਪੈਦਾ ਕਰਦੀ ਹੈ। ਇਹ FirstVoices.com 'ਤੇ ਪੁਰਾਲੇਖ ਭਾਸ਼ਾਵਾਂ ਦੀ ਗਿਣਤੀ ਵੀ ਵਧਾ ਰਹੀ ਹੈ।

ਜਦੋਂ ਕਿ ਪਹਿਲੀ ਪੀਪਲਜ਼ ਕਲਚਰਲ ਕੌਂਸਲ ਦਾ ਨਿਰੰਤਰ ਕਾਰਜ ਭਵਿੱਖ ਲਈ ਬੁਨਿਆਦ ਦਾ ਸਮਰਥਨ ਕਰਦਾ ਹੈ, ਉਥੇ ਭਾਈਚਾਰਿਆਂ ਨੂੰ ਉਨ੍ਹਾਂ ਦੀਆਂ ਭਾਸ਼ਾਵਾਂ ਨੂੰ ਬਹਾਲ ਕਰਨ ਲਈ ਉਨ੍ਹਾਂ ਦੇ ਕੰਮ ਵਿਚ ਸਹਾਇਤਾ ਕਰਨ ਲਈ ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ, ਜੋ ਰਾਸ਼ਟਰਵਾਦ ਅਤੇ ਪ੍ਰਭੂਸੱਤਾ ਲਈ ਜ਼ਰੂਰੀ ਹਨ।

## ਰਿਹਾਇਸ਼ੀ ਸੰਕਟ ਨੂੰ ਸੰਬੋਧਨ ਕਰਨ ਲਈ ਮਿਲ ਕੇ ਕੰਮ ਕਰਨਾ

ਮੂਲਵਾਸੀ ਰਾਸ਼ਟਰ ਅਤੇ ਸੰਸਥਾਵਾਂ ਰਿਹਾਇਸ਼ੀ ਸੰਕਟ ਨੂੰ ਸੰਬੋਧਨ ਕਰਨ ਵਿੱਚ ਸਰਕਾਰ ਦੇ ਮਹੱਤਵਪੂਰਨ ਭਾਈਵਾਲ ਹਨ।

ਬਿਲਡਿੰਗ ਬੀ ਸੀ ਰਾਂਹੀ: ਮੂਲਵਾਸੀ ਰਿਹਾਇਸ਼ੀ ਫੰਡ ਦੁਆਰਾ, ਸਰਕਾਰ ਅਗਲੇ 10 ਸਾਲਾਂ ਦੌਰਾਨ $550 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਹੀ ਹੈ, ਜਿਸ ਨਾਲ ਮੂਲਵਾਸੀ ਲੋਕਾਂ ਅਤੇ ਔਨ ਅਤੇ ਔਫ ਰਿਜ਼ਰਵ ਮੂਲਵਾਸੀ ਲੋਕਾਂ ਲਈ 1,750 ਘਰ ਬਣਾਏ ਜਾ ਸਕਣ।

ਇਸ ਫੰਡ ਨਾਲ, ਬੀ ਸੀ ਔਨ ਰਿਜ਼ਰਵ ਘਰਾਂ ਨੂੰ ਫੰਡ ਦੇਣ ਵਾਲੀ ਪਹਿਲੀ ਅਤੇ ਇਕਲੌਤੀ ਸੂਬਾਈ ਸਰਕਾਰ ਬਣ ਗਈ ਹੈ। ਇਸ ਪ੍ਰੋਗਰਾਮ ਰਾਹੀਂ ਲਗਭਗ 1200 ਨਵੇਂ ਕਿਫਾਇਤੀ ਘਰਾਂ ਦਾ ਕੰਮ ਚੱਲ ਰਿਹਾ ਹੈ।

ਇਸ ਤੋਂ ਇਲਾਵਾ ਹਰ ਇੱਕ ਬਿਲਡਿੰਗ ਬੀ ਸੀ ਹਾਊਸਿੰਗ ਫੰਡ ਵਿਚੋਂ ਮੂਲਵਾਸੀ ਭਾਈਵਾਲਾਂ ਦੀਆਂ ਅਰਜ਼ੀਆਂ ਦਾ ਸਵਾਗਤ ਕਰਦਾ ਹੈ।

ਸੂਬਾਈ ਸਰਕਾਰ ਸੂਬੇ ਦੇ ਹਰ ਹਿੱਸੇ ਵਿੱਚ ਲੋਕਾਂ ਦੀ ਜ਼ਰੂਰਤ ਦੇ ਘਰਾਂ ਦਾ ਨਿਰਮਾਣ ਕਰਨ ਲਈ ਮੂਲਵਾਸੀ ਭਾਈਚਾਰੇ, ਮਿੱਤਰਤਾ ਕੇਂਦਰਾਂ ਅਤੇ ਹੋਰ ਮੂਲਵਾਸੀ-ਅਗਵਾਈ ਵਾਲੀਆਂ ਸੰਸਥਾਵਾਂ ਨਾਲ ਮਿਲ ਕੇ ਕੰਮ ਕਰ ਰਹੀ ਹੈ।

## ਉਹਨਾਂ ਚੀਜ਼ਾਂ ਦੀ ਰੱਖਿਆ ਕਰਨਾ, ਜੋ ਮਾਇਨੇ ਰੱਖਦੀਆਂ ਹਨ

ਸੰਸਾਧਨ ਵਿਕਾਸ ਸੂਬਾਈ ਆਰਥਿਕਤਾ ਦਾ ਮਹੱਤਵਪੂਰਣ ਹਿੱਸਾ ਹੈ। ਸੰਸਾਧਨ ਨੌਕਰੀਆਂ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਕਾਇਮ ਰੱਖਦੀਆਂ ਹਨ, ਪਰ ਸੰਸਾਧਨ ਵਿਕਾਸ ਸਾਫ਼ ਹਵਾ, ਸਾਫ ਪਾਣੀ ਅਤੇ ਤੰਦਰੁਸਤ ਧਰਤੀ ਨੂੰ ਜੋਖਮ ਵਿਚ ਪਾਏ ਬਿਨਾਂ ਚਿਰਸਥਾਈ ਹੋਣਾ ਚਾਹੀਦਾ ਹੈ।

ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਦੇ ਤਹਿਤ, ਮੂਲਵਾਸੀ ਲੋਕਾਂ ਨੂੰ ਵਾਤਾਵਰਣ ਦੀ ਸੰਭਾਲ ਅਤੇ ਸੁਰੱਖਿਆ ਅਤੇ ਉਨ੍ਹਾਂ ਦੀਆਂ ਜ਼ਮੀਨਾਂ, ਪ੍ਰਦੇਸ਼ਾਂ ਅਤੇ ਸੰਸਾਧਨਾਂ ਦੀ ਉਤਪਾਦਕ ਸਮਰੱਥਾ ਦਾ ਅਧਿਕਾਰ ਹੈ।

ਇਸ ਅਧਿਕਾਰ ਦੇ ਸਨਮਾਨ ਦੇ ਹਿੱਸੇ ਵਜੋਂ, ਸਰਕਾਰ ਨੇ Broughton Archipelago ਵਿਚ ਸੈਮਨ (Salmon) ਫਾਰਮਾਂ ਦੇ ਮੁੱਦੇ 'ਤੇ ਅੱਗੇ ਦਾ ਰਸਤਾ ਲੱਭਣ ਲਈ ਮੂਲਵਾਸੀ ਨੇਤਾਵਾਂ ਨਾਲ ਮਿਲ ਕੇ ਕੰਮ ਕੀਤਾ। ਸਹਿਮਤੀ ਨਾਲ ਚੱਲਣ ਵਾਲੀ ਪ੍ਰਕਿਰਿਆ ਦੀ ਵਰਤੋਂ ਕਰਦਿਆਂ, ਸੂਬਾ ਅਤੇ Kwikwasut'inuxw Haxwa'mis, Namgis and Mamalilikulla Nations ਨੇ ਖੇਤਰ ਵਿੱਚ ਸੈਮਨ ਫਾਰਮਾਂ ਦੇ ਭਵਿੱਖ ਬਾਰੇ ਸੰਘੀ ਅਤੇ ਸੂਬਾਈ ਸਰਕਾਰਾਂ ਨੂੰ ਸਿਫਾਰਸ਼ਾਂ ਦੇਣ ਲਈ ਮਿਲ ਕੇ ਕੰਮ ਕੀਤਾ।

ਇਸ ਪ੍ਰਕਿਰਿਆ ਦੇ ਜ਼ਰੀਏ, ਜਿਸ ਵਿਚ ਉਦਯੋਗ ਸ਼ਾਮਲ ਸੀ, ਸਾਰੀਆਂ ਪਾਰਟੀਆਂ Broughton Archipelago ਵਿਚ ਮੱਛੀ ਫਾਰਮਾਂ ਲਈ ਇਕ ਤਬਦੀਲੀ ਦੀ ਯੋਜਨਾ ਦੇ ਆਲੇ ਦੁਆਲੇ ਇਕੱਠੀਆਂ ਹੋਣ ਦੇ ਯੋਗ ਸਨ। ਇਸ ਪ੍ਰਕਿਰਿਆ ਦੇ ਸਿੱਟੇ ਵਜੋਂ ਲੈਂਡ ਐਕਟ ਨੀਤੀ ਵਿਚ ਤਬਦੀਲੀਆਂ ਵੀ ਹੋਈਆਂ, ਤਾਂ ਜੋ ਭਵਿੱਖ ਵਿਚ ਸੈਮਨ-ਫਾਰਮ ਦੇ ਕਾਰਜਕਾਲ ਸਿਰਫ ਉਦੋਂ ਹੀ ਦਿੱਤੇ ਜਾਣਗੇ ਜਿੱਥੇ ਸਥਾਨਕ ਫਸਟ ਨੇਸ਼ਨਜ਼ ਭਾਈਚਾਰਿਆਂ ਦਾ ਉਹਨਾਂ ਦੇ ਪਰੰਪਰਾਗਤ ਖੇਤਰਾਂ ਨਾਲ ਸਮਝੌਤਾ ਹੋਇਆ ਹੈ।

ਵਾਤਾਵਰਣ ਅਸੈੱਸਮੈਂਟ ਐਕਟ (Environmental Assessment Act) ਮੂਲਵਾਸੀ ਰਾਸ਼ਟਰਾਂ ਨੂੰ ਜ਼ਮੀਨੀ ਵਰਤੋਂ ਦੇ ਫੈਸਲਿਆਂ ਵਿੱਚ ਸ਼ਾਮਲ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ। ਇਹ ਮੰਨਦਿਆਂ ਕਿ ਇਹ ਕਾਨੂੰਨ ਮੇਲ-ਮਿਲਾਪ ਲਈ ਮਹੱਤਵਪੂਰਨ ਹੈ, ਸਰਕਾਰ ਨੇ ਇੱਕ ਨਵਾਂ ਵਾਤਾਵਰਣ ਮੁਲਾਂਕਣ ਐਕਟ ਵਿਕਸਤ ਕਰਨ ਲਈ ਮੂਲਵਾਸੀ ਰਾਸ਼ਟਰਾਂ ਦੇ ਨਾਲ ਨੇੜਿਓਂ ਕੰਮ ਕੀਤਾ, ਜੋ ਨਵੰਬਰ 2018 ਵਿੱਚ ਪਾਸ ਕੀਤਾ ਗਿਆ ਸੀ ਅਤੇ ਦਸੰਬਰ 2019 ਵਿੱਚ ਲਾਗੂ ਹੋ ਗਿਆ ਸੀ।

ਨਵਾਂ ਐਕਟ ਮੁਲਾਂਕਣ ਪ੍ਰਕਿਰਿਆ ਵਿਚ ਮੂਲਵਾਸੀ ਅਤੇ ਜਨਤਕ ਭਾਗੀਦਾਰੀ ਦੇ ਰਾਹ ਵਧਾਉਂਦਾ ਹੈ, ਸਾਰੇ ਭਾਗੀਦਾਰਾਂ ਨੂੰ ਪਹਿਲਾਂ ਸ਼ਾਮਲ ਕਰਦਾ ਹੈ ਅਤੇ ਇਸਦਾ ਉਦੇਸ਼ ਸ਼ੁਰੂਆਤ ਵਿਚ ਮੁੱਦਿਆਂ ਦੀ ਪਛਾਣ ਕਰਨਾ, ਨਤੀਜਿਆਂ ਵਿਚ ਸੁਧਾਰ ਕਰਨਾ ਅਤੇ ਵਿਵਾਦ ਨੂੰ ਘਟਾਉਣਾ ਹੈ। ਇਸ ਤੋਂ ਇਲਾਵਾ, ਇਸਦੀ ਮੰਗ ਹੈ ਕਿ ਮੰਤਰੀ ਫੈਸਲੇ ਜਾਰੀ ਹੋਣ ਤੋਂ ਪਹਿਲਾਂ ਪ੍ਰਾਜੈਕਟ ਲਈ ਮੂਲਵਾਸੀ ਰਾਸ਼ਟਰਾਂ ਦੀ ਭਾਗੀਦਾਰੀ ਬਾਰੇ ਵਿਚਾਰ ਕਰਨ।

## ਸਵੈ-ਸ਼ਾਸਨ ਦਾ ਸਮਰਥਨ ਕਰਨਾ

ਸਵੈ-ਸਰਕਾਰ, ਖੁਦਮੁਖਤਿਆਰੀ ਅਤੇ ਸਵੈ-ਨਿਰਣੇ ਦੇ ਅਧਿਕਾਰ ਦੀ ਮੰਗ ਹੈ ਕਿ ਮੂਲਵਾਸੀ ਰਾਸ਼ਟਰਾਂ ਕੋਲ ਹਰ ਸਰਕਾਰ ਲਈ ਮਹੱਤਵਪੂਰਨ ਚੀਜ਼ਾਂ ਜਿਵੇਂ ਕਿ ਬੁਨਿਆਦੀ ਢਾਂਚਾ, ਤੰਦਰੁਸਤ ਭਾਈਚਾਰਿਆਂ

ਦਾ ਨਿਰਮਾਣ ਕਰਨ ਵਾਲੀਆਂ ਸੇਵਾਵਾਂ ਅਤੇ ਇਸ ਨੂੰ ਪੂਰਾ ਕਰਨ ਵਾਲੇ ਸਟਾਫ ਵਿੱਚ ਨਿਵੇਸ਼ ਕਰਨ ਲਈ ਮਾਲੀਆ ਦੇ ਸਥਿਰ, ਅਨੁਮਾਨਤ ਸਰੋਤ ਹੋਣ।

ਨਵੰਬਰ 2018 ਵਿੱਚ, ਸਰਕਾਰ ਨੇ ਐਲਾਨ ਕੀਤਾ ਕਿ ਬੀ ਸੀ ਫਸਟ ਨੇਸ਼ਨਜ਼ 25-ਸਾਲਾ ਵਚਨਬੱਧਤਾ ਨਾਲ ਸੂਬਾਈ ਗੇਮਿੰਗ ਮਾਲੀਏ ਵਿੱਚ ਹਿੱਸਾ ਲੈਣਗੇ, ਜੋ ਕਿ ਸਮਾਜਿਕ ਸੇਵਾਵਾਂ, ਸਿੱਖਿਆ, ਬੁਨਿਆਦੀ ਢਾਂਚੇ, ਸਭਿਆਚਾਰਕ ਪੁਨਰ-ਸੁਰਜੀਤੀ ਅਤੇ ਸਵੈ-ਸਰਕਾਰ ਲਈ ਫਸਟ ਨੇਸ਼ਨਜ਼ ਦੀਆਂ ਤਰਜੀਹਾਂ ਦਾ ਸਮਰਥਨ ਕਰਨ ਲਈ ਲਗਭਗ $3 ਬਿਲੀਅਨ ਡਾਲਰ ਦੀ ਆਮਦਨੀ ਨੂੰ ਸਰਕਾਰ ਦੇ ਇੱਕ ਪੱਧਰ ਤੋਂ ਦੂਜੇ ਪੱਧਰ ਵਿੱਚ ਤਬਦੀਲ ਕਰੇਗਾ।

ਬੀ ਸੀ ਫਸਟ ਨੇਸ਼ਨਜ਼ ਗੇਮਿੰਗ ਰੈਵੇਨਿਊ ਸ਼ੇਅਰਿੰਗ ਲਿਮਟਿਡ ਪਾਰਟਨਰਸ਼ਿੱਪ (BC First Nations Gaming Revenue Sharing Limited Partnership) ਦੇ ਜ਼ਰੀਏ, ਬੀ ਸੀ ਵਿੱਚ ਹਰ ਸਾਲ $100 ਮਿਲੀਅਨ ਫਸਟ ਨੇਸ਼ਨਜ਼ ਭਾਈਚਾਰਿਆਂ ਨੂੰ ਉਨ੍ਹਾਂ ਦੀਆਂ ਪ੍ਰਾਥਿਮਕਤਾਵਾਂ ਨੂੰ ਅੱਗੇ ਵਧਾਉਣ ਅਤੇ ਆਪਣੇ ਭਾਈਚਾਰਿਆਂ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਮਿਲ ਰਹੇ ਹਨ। ਫਸਟ ਨੇਸ਼ਨਜ਼ ਮਾਲੀਏ ਦੀ ਵਰਤੋਂ ਭਾਈਚਾਰਿਆਂ ਵਿੱਚ ਬਿਹਤਰ ਅੰਤਰ ਲਿਆਉਣ ਲਈ ਕਰ ਰਹੇ ਹਨ। ਉਦਾਹਰਣਾਂ ਵਿੱਚ ਕਮਿਊਨਟੀ ਯੂਥ ਸੈਂਟਰ, ਜੰਗਲ-ਬਾਲਣ ਪ੍ਰਬੰਧਨ ਪ੍ਰੋਗਰਾਮ ਅਤੇ ਘਰਾਂ ਨੂੰ ਜੰਗਲੀ ਅੱਗਾਂ ਤੋਂ ਬਚਾਉਣ ਲਈ ਅਤੇ ਭਾਸ਼ਾ ਪ੍ਰੋਗਰਾਮਾਂ ਸ਼ਾਮਲ ਹਨ ਜੋ ਸਭਿਆਚਾਰ ਨਾਲ ਜੁੜਦੇ ਹਨ।

ਦੋਸਤੀ ਕੇਂਦਰ ਪੂਰੇ ਸੂਬੇ ਭਰ ਵਿੱਚ ਸ਼ਹਿਰੀ ਭਾਈਚਾਰਿਆਂ ਵਿੱਚ ਮੂਲਵਾਸੀ ਲੋਕਾਂ ਨੂੰ ਮਹੱਤਵਪੂਰਣ ਸੰਪਰਕ ਪ੍ਰਦਾਨ ਕਰਦੇ ਹਨ। ਸ਼ਹਿਰੀ ਮੂਲਵਾਸੀ ਲੋਕਾਂ ਲਈ ਇਹਨਾਂ ਭਾਈਚਾਰਕ ਹੱਬਜ਼ ਦੀ ਮਹੱਤਵਪੂਰਣ ਭੂਮਿਕਾ ਨੂੰ ਪਛਾਣਦੇ ਹੋਏ, ਸਰਕਾਰ ਨੇ ਦੋਸਤੀ ਕੇਂਦਰਾਂ ਲਈ ਵਿੱਤੀ ਸਹਾਇਤਾ ਨੂੰ ਤਿੰਨ ਗੁਣਾ ਵਧਾ ਦਿੱਤਾ। ਹੋਰ ਮਹੱਤਵਪੂਰਨ , ਇਹ ਪਹਿਲੀ ਵਾਰ ਸਥਿਰ ਕੋਰ ਫੰਡਿੰਗ ਪ੍ਰਸਤੁਤ ਕਰਦਾ ਹੈ, ਤਾਂ ਜੋ ਉਹ ਆਪਣੇ ਮਹੱਤਵਪੂਰਣ ਕੰਮ 'ਤੇ ਧਿਆਨ ਕੇਂਦਰਿਤ ਕਰ ਸਕਣ।

## ਮੂਲਵਾਸੀ ਲੋਕਾਂ ਲਈ ਨਿਆਂ

ਬਹੁਤ ਸਾਰੇ ਮੂਲਵਾਸੀ ਲੋਕਾਂ ਨੇ ਆਪਣੀ ਜ਼ਿੰਦਗੀ ਨੂੰ ਨਿਆਂ ਪ੍ਰਣਾਲੀ ਦੁਆਰਾ ਬਦਤਰ ਕੀਤਾ ਹੈ ਜੋ ਉਹਨਾਂ ਦੀਆਂ ਜਰੂਰਤਾਂ ਪ੍ਰਤੀ ਜ਼ਿੰਮੇਵਾਰ ਨਹੀਂ ਹੈ ਅਤੇ ਸਭਿਆਚਾਰਕ ਤੌਰ ’ਤੇ ਅਸੁਰੱਖਿਅਤ ਹੈ। ਮੇਲ ਮਿਲਾਪ ਨੂੰ ਅੱਗੇ ਵਧਾਉਣ ਲਈ ਨਿਆਂ ਪ੍ਰਣਾਲੀ ਵਿੱਚ ਅਰਥਪੂਰਨ ਤਬਦੀਲੀਆਂ ਕਰਨ ਦੀ ਜਰੂਰਤ ਹੈ।

ਇਹ ਤਬਦੀਲੀਆਂ ਲਿਆਉਣ ਲਈ, ਸਰਕਾਰ ਨੇ ਬੀ ਸੀ ਐਬਓਰਿਜਨਲ ਜਸਟਿਸ ਕੌਂਸਲ ਨਾਲ ਇਕ ਸਮਝੌਤੇ ਦੀ ਹਮਾਇਤ ਕੀਤੀ, ਹੁਣ ਬੀ ਸੀ ਫਸਟ ਨੇਸ਼ਨਜ਼ ਜਸਟਿਸ ਕੌਂਸਲ ਜਿਸਨੇ ਨਿਆਂ ਪ੍ਰਣਾਲੀ ਨੂੰ ਬਦਲਣ ਲਈ ਸੱਤ ਤਰਜੀਹਾਂ ਦੀ ਪਛਾਣ ਕੀਤੀ ਅਤੇ ਮੂਲਵਾਸੀ ਨਿਆਂ ਦੇ ਵਿਕਾਸ ਲਈ ਭਾਈਵਾਲਾਂ ਨੂੰ ਵਚਨਬੱਧ ਕੀਤਾ।

ਇਸ ਕੰਮ ਦੇ ਸਮਰਥਨ ਲਈ, ਬੀ ਸੀ ਪ੍ਰੋਸੀਕਿਊਸ਼ਨ ਸਰਵਿਸ ਨਿਆਂ ਪ੍ਰਣਾਲੀ ਦੇ ਸਟਾਫ ਲਈ ਲਾਜ਼ਮੀ ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕਰ ਰਹੀ ਹੈ, ਨੀਤੀ ਅਤੇ ਅਭਿਆਸ ਨੂੰ ਅਪਡੇਟ ਕਰ ਰਹੀ ਹੈ, ਅਤੇ ਸਿੱਧੇ ਤੌਰ 'ਤੇ ਫਸਟ ਨੇਸ਼ਨਜ਼ ਨਾਲ ਸ਼ਾਮਲ ਹੋ ਰਹੀ ਹੈ ਤਾਂ ਜੋ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਮੂਲਵਾਸੀ ਵਿਅਕਤੀਆਂ ਦੀ ਪੀੜਤ, ਦੋਸ਼ੀ ਅਤੇ ਮੁਜਰਿਮ ਵਜੋਂ ਨੁਮਾਇੰਦਗੀ ਨੂੰ ਘਟਾਇਆ ਜਾ ਸਕੇ ਅਤੇ ਮੂਲਵਾਸੀ ਲੋਕਾਂ ਲਈ ਅਦਾਲਤੀ ਸੇਵਾਵਾਂ ਨੂੰ ਸਭਿਆਚਾਰਕ ਤੌਰ ’ਤੇ ਸੁਰੱਖਿਅਤ ਬਣਾਇਆ ਜਾ ਸਕੇ।

ਨਿਆਂ ਪ੍ਰਣਾਲੀ ਵਿਚ ਮੂਲਵਾਸੀ ਲੋਕਾਂ ਦੀ ਵਧੇਰੇ ਨੁਮਾਇੰਦਗੀ ਨੂੰ ਘਟਾਉਣ ਲਈ ਬੀ ਸੀ ਪ੍ਰੋਸੀਕਿਊਸ਼ਨ ਸਰਵਿਸ ਦੁਆਰਾ ਕਈ ਨਵੀਆਂ ਨੀਤੀਆਂ ਪੇਸ਼ ਕੀਤੀਆਂ ਗਈਆਂ ਹਨ, ਜਿਸ ਵਿਚ ਨਵੇਂ ਚਾਰਜ ਮੁਲਾਂਕਣ ਦਿਸ਼ਾ ਨਿਰਦੇਸ਼ ਵੀ ਸ਼ਾਮਲ ਹਨ, ਇਕ ਨਵੀਂ ਜ਼ਮਾਨਤ ਦੀ ਵਿਵਸਥਾ ਜੋ ਵਕੀਲਾਂ ਨੂੰ ਜ਼ਮਾਨਤ ਦੇ ਸਾਰੇ ਮਾਮਲਿਆਂ ਵਿਚ ਸੰਜਮ ਵਰਤਣ ਦਾ ਨਿਰਦੇਸ਼ ਦਿੰਦੀ ਹੈ, ਖ਼ਾਸਕਰ ਜਿੱਥੇ ਦੋਸ਼ੀ ਇੱਕ ਮੂਲਵਾਸੀ ਹੈ, ਅਤੇ ਪ੍ਰੋਬੇਸ਼ਨ ਹਾਲਤਾਂ ਲਈ ਨਵੇਂ ਦਿਸ਼ਾ ਨਿਰਦੇਸ਼ ਹਨ ਜੋ ਵਕੀਲਾਂ ਨੂੰ ਪ੍ਰਣਾਲੀ ਸੰਬੰਧੀ ਕਾਰਕਾਂ ’ਤੇ ਵਿਚਾਰ ਕਰਨ ਲਈ ਨਿਰਦੇਸ਼ ਦਿੰਦੇ ਹਨ ਜੋ ਕਿ ਮੂਲਵਾਸੀ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ।

ਇਹ ਮੰਨਦਿਆਂ ਹੋਏ ਕਿ ਅਕਸਰ ਅਦਾਲਤੀ ਪ੍ਰਣਾਲੀ ਦੁਆਰਾ ਅਪਣਾਈ ਜਾਣ ਵਾਲੀ ਨਜ਼ਦੀਕੀ ਪਹੁੰਚ ਮੂਲਵਾਸੀ ਨਿਆਂ ਪ੍ਰਣਾਲੀਆਂ ਦੇ ਅਨੁਕੂਲ ਨਹੀਂ ਹੈ, ਸਰਕਾਰ ਵਿਸ਼ੇਸ਼ ਮੂਲਵਾਸੀ ਅਦਾਲਤਾਂ ਤੱਕ ਵੀ ਪਹੁੰਚ ਵਧਾ ਰਹੀ ਹੈ। ਪਤਝੜ 2017 ਤੋਂ ਬਾਅਦ ਦੋ ਹੋਰ ਮੂਲਵਾਸੀ ਅਦਾਲਤਾਂ ਖੁੱਲ੍ਹੀਆਂ ਹਨ ਅਤੇ ਇੱਕ 2020 ਵਿੱਚ ਵਿਲੀਅਮਜ਼ ਲੇਕ ਵਿੱਚ ਖੁੱਲ੍ਹੇਗੀ।

## ਮੂਲਵਾਸੀ ਭਾਈਚਾਰਿਆਂ ਨਾਲ ਸੰਪਰਕ

ਭਾਈਚਾਰਿਆਂ ਲਈ ਸੰਪਰਕ ਮਹੱਤਵਪੂਰਨ ਹਨ। ਸੰਯੁਕਤ ਰਾਸ਼ਟਰ (UN Declaration) ਦੇ ਐਲਾਨਨਾਮੇ ਦੇ ਆਰਟੀਕਲ 20, 21 ਅਤੇ 24 ਵਿਚ ਸਰਕਾਰਾਂ ਨੂੰ ਆਰਥਿਕ ਗਤੀਵਿਧੀਆਂ, ਸਿਹਤ ਸੰਭਾਲ ਅਤੇ ਸਮਾਜਿਕ ਸੇਵਾਵਾਂ ਦਾ ਸਮਰਥਨ ਕਰਨ ਲਈ ਇੰਟਰਨੈਟ ਦੀ ਸਾਰਥਕ ਪਹੁੰਚ ਹਾਸਲ ਕਰਨ ਵਿਚ ਮੂਲਵਾਸੀ ਲੋਕਾਂ ਦਾ ਸਮਰਥਨ ਕਰਨ ਦੀ ਲੋੜ ਹੈ।

ਦਸੰਬਰ 2019 ਵਿੱਚ, ਸਰਕਾਰ ਨੇ ਕਨੈਕਟਿੰਗ ਬ੍ਰਿਟਿਸ਼ ਕੋਲੰਬੀਆ ਪ੍ਰੋਗਰਾਮ ਸ਼ੁਰੂ ਕੀਤਾ, ਜਿਸ ਵਿੱਚ ਪੇਂਡੂ, ਦੂਰ ਦੁਰਾਡੇ ਅਤੇ ਮੂਲਵਾਸੀ ਭਾਈਚਾਰਿਆਂ ਨੂੰ ਬਰੋਡਬੈਂਡ ਇਨਫਰਾਸਟਰੱਕਚਰ  ਦਾ ਵਿਸਥਾਰ ਕਰਨ ਵਿੱਚ ਮਦਦ ਕਰਨ ਲਈ ਵਾਧੂ $50 ਮਿਲੀਅਨ ਡਾਲਰ ਦੀ ਪੇਸ਼ਕਸ਼ ਕੀਤੀ ਗਈ।

ਇਸ ਪ੍ਰੋਗਰਾਮ ਦੇ ਤਹਿਤ ਬ੍ਰਿਟਿਸ਼ ਕੋਲੰਬੀਆ ਵਿੱਚ 83 ਮੂਲਵਾਸੀ ਭਾਈਚਾਰਿਆਂ ਨੂੰ ਤੇਜ਼ ਰਫਤਾਰ ਇੰਟਰਨੈੱਟ ਦੇਣ ਲਈ ਕੰਮ ਪਹਿਲਾਂ ਹੀ ਚੱਲ ਰਿਹਾ ਹੈ ਜਾਂ ਪੂਰਾ ਹੋ ਗਿਆ ਹੈ।

ਸਰੀਰਕ ਕਨੈਕਟਿਵਿਟੀ ਡਿਜੀਟਲ ਕਨੈਕਟੀਵਿਟੀ ਜਿੰਨੀ ਮਹੱਤਵਪੂਰਣ ਹੈ, ਇਸੇ ਲਈ ਸੂਬਾ ਬੀ ਸੀ ਨੌਰਥ ਸਰਵਿਸ ਨੂੰ ਬਣਾਈ ਰੱਖਣ ਲਈ ਫੈਡਰਲ ਸਰਕਾਰ ਨਾਲ ਕੰਮ ਕਰ ਰਿਹਾ ਹੈ। ਸਰਕਾਰ ਮੂਲਵਾਸੀ ਭਾਈਚਾਰਿਆਂ ਦੇ ਲੋਕਾਂ ਨੂੰ ਡਰਾਈਵਰ ਦੀ ਸਿਖਲਾਈ ਵੀ ਦੇ ਰਹੀ ਹੈ, ਇਹ ਮੰਨਦਿਆਂ ਕਿ ਆਵਾਜਾਈ ਜ਼ਿੰਦਗੀ ਲਈ ਮਹੱਤਵਪੂਰਨ ਹੈ, ਖ਼ਾਸਕਰ ਪੇਂਡੂ ਅਤੇ ਦੂਰ ਦੁਰਾਡੇ ਦੇ ਭਾਈਚਾਰਿਆਂ ਵਿੱਚ ਰਹਿੰਦੇ ਮੂਲਵਾਸੀ ਲੋਕਾਂ ਲਈ।

ਸੰਪਰਕ:

ਵਿੱਤ ਮੰਤਰਾਲਾ

ਮੀਡੀਆ ਰਿਲੇਸ਼ਨਜ਼

778 974-3341

---

ਬੀ ਸੀ ਸੂਬੇ ਨਾਲ ਜੁੜਨ ਲਈ ਜਾਓ: news.gov.bc.ca/connect